# VAINDE HANJU



GIANI SOHAN SINGH SITAL

1

# ਵਹਿੰਦੇ ਹੰਝੂ

ਲੇਖਕ - ਗਿ. ਸੋਹਣ ਸਿੰਘ ਸੀਤਲ

ਗਿਆਨੀ ਸਰੂਪ ਸਿੰਘ ਕੰਡਿਆਣਾ ★ ਪਿੰਡ ਕੰਡਿਆਣਾ ਤਹਿ: ਫਿਲੌਰ (ਜਲੰਧਰ) ★
ਪੰਥਕ ਢਾਡੀ ਜੱਥਾ
98150-03075

ਮਿਲਨ ਦਾ ਪਤਾ :—

ਸੀਤਲ ਪੁਸਤਕ ਭੰਡਾਰ

ਸੀਤਲ ਭਵਨ, ਮਾਡਲ ਗਰਾਮ, ਲੁਧਿਆਣਾ

# ਵਹਿੰਦੇ ਹੰਝੂ

—: ਲੇਖਕ :—

ਸੋਹਣ ਸਿੰਘ 'ਸੀਤਲ'

REVISED PRICE Rs 15P00

ਮੁਲ [illegible] ਰੁਪੈ

੫

ਸਭ ਹੱਕ ਕਰਤਾ ਦੇ ਰਾਖਵੇਂ ਹਨ।

ਪ੍ਰਕਾਸ਼ਕ:—ਸੋਹਣ ਸਿੰਘ 'ਸੀਤਲ'
ਮਾਲਕ:—ਸੀਤਲ ਪੁਸਤਕ ਭੰਡਾਰ
ਸੀਤਲ ਭਵਨ, ਮਾਡਲ ਗਰਾਮ,
ਲੁਧਿਆਣਾ-੨

ਪਹਿਲੀ ਵਾਰ, ਫਰਵਰੀ, ੧੯੪੦ ਈ.
ਸਤਾਰ੍ਹਵੀਂ ਵਾਰ, ਮਾਰਚ, ੧੯੭੨ ਈ.

ਪਰਿੰਟਰ : ਰਵਿੰਦਰ ਸਿੰਘ,
ਹੀਰਾ ਪ੍ਰਿੰਟਿੰਗ ਪ੍ਰੈਸ,
੬੯ ਕਰਤਾਰ ਨਗਰ,
ਮਾਡਲ ਗਰਾਮ, ਲੁਧਿਆਣਾ-੨।

# ਤਤਕਰਾ


| | |
|---|---|
| ਵਹਿੰਦੇ ਹੰਝੂ | ੭ |
| ਪ੍ਰੇਮ–ਬਾਣ | ੮ |
| ਵੀਰ ਦੇ ਵਿਜੋਗ ਵਿਚ | ੧੧ |
| ਜਾਣੇ ਓਹਾ ਉਹਨੇ ਤੈਨੂੰ ਕੀ ਜਾਤਾ | ੧੩ |
| ਸ਼ਾਂਤੀ ਦਾ ਅਵਤਾਰ | ੧੬ |
| ਦਸਮੇਸ਼-ਯਾਦ | ੧੯ |
| ਜਾਵਾਂ ਤੈਥੋਂ ਵਾਰਨੇ | ੨੨ |
| ਤੇਗ ਦਸਮੇਸ਼ ਦੀ | ੨੪ |
| ਕਲਗੀਧਰ ਦੀ ਸ਼ਾਨ | ੨੭ |
| ਰੋਮ ਰੋਮ ਤੇਰੇ ਅੰਦਰ ਅਜ਼ਮਤਾਂ ਸੀ | ੨੯ |
| ਸ਼ਹੀਦ ਗੰਜ | ੩੨ |
| ਗੱਡੀ (ਸਾਕਾ ਜੈਤੋ) | ੩੫ |
| ਮਹਾਂ ਪੁਰਸ਼ | ੩੮ |
| ਝਨਾਂ ਤੇ ਰਾਵੀ | ੩੯ |
| ਕਲਮ | ੪੦ |
| ਬੱਚੇ ਨੂੰ | ੪੨ |
| ਹੰਝੂ | ੪੫ |
| ਡੋਲੀ ਆਈ | ੪੬ |
| ਸ਼ਾਮ | ੪੮ |
| ਬੁਢਾਪੇ ਨੂੰ | ੫੧ |
| ਗ਼ਰੀਬ ਅਮੀਰ | ੫੪ |
| ਖੁੱਲ੍ਹੀ ਹਵਾ | ੫੮ |



ਗਿਆਨੀ ਸਰੂਪ ਸਿੰਘ ਕੰਡਿਆਣਾ ★ ਪੰਥਕ ਢਾਡੀ ਜੱਥਾ 98150-03075 ਪਿੰਡ ਕੰਡਿਆਣਾ ਤਹਿ: ਫਿਲੌਰ (ਜਲੰਧਰ) ★

ਗ਼ਰੀਬ ਮਿਹਨਤੀ ੫੯
ਆਜ਼ਾਦੀ ਦਾ ਹੋਕਾ ੬੨
ਗ਼ੁਲਾਮ ਤੇ ਰੱਬ ੬੬
ਦੁਖਿਆਰਨ ੬੭
ਖ਼ੂੰਨੀ ਮਹਿੰਦੀ ੭੦
ਕਾਣੀ ਵੰਡ ੭੧
ਗ਼ੁਲਾਮ ੭੪
ਉਠ ਜਾਗ ੭੭
ਝਨਾਂ ੭੮
ਬਾਲ ਹੁਸਨ ੮੨
ਵਿਜੋਗਣ ੮੩
ਯਾਦ ਨਾ ਕਰ ੮੫
ਗਿਲ੍ਹਾ ੮੬
ਗੁਨਾਂਹ ਕਿਉਂ ਕੀਤੇ ? ੮੯
ਲਗਨ ੯੦
ਪ੍ਰੇਮ-ਭੇਟ ੯੧
ਕਦੇ ਹੱਸ ਬੋਲ ੯੩
ਲੇਲੀ ਬਣ ਕੇ ੯੫
ਤੋੜ ਨਾ ਜਾਵੀਂ ੯੫
ਪ੍ਰੀਤ ੯੬
ਨਾ ਜਾ ਰਾਂਝਾ ੯੭
ਤੋੜ ਨਿਭੇ ੯੯



ਪੰਥਕ
ਢਾਡੀ ਜੱਥਾ
98150-03075

# ਵਹਿੰਦੇ ਹੰਝੂ

ਵਹਿੰਦੇ ਹੰਝੂ,
ਖ਼ੂਨ ਜਿਗਰ ਦਾ
ਪ੍ਰੋ ਕੇ ਲੜੀ
ਖ਼ਿਆਲਾਂ ਦੀ।
ਪਿਆਰੀ ਬੋਲੀ
ਮਾਤ ਪੰਜਾਬੀ
ਤੇਰੀ ਭੇਟਾ
ਧਰਦਾ ਹਾਂ।

# ਪ੍ਰੇਮ-ਬਾਣ

ਦੱਸਾਂ ਕੀ ? ਅਤੇ ਕਿੰਨ੍ਹਾਂ ਵਿਚ ਸ਼ਬਦਾਂ
ਹੁੰਦੇ ਕਿਹੋ ਜਿਹੇ ਬਾਣ ਪਰੇਮ ਵਾਲੇ
ਮੇਰੇ ਪਿਆਰੇ ਦੇ ਬਾਗ਼ ਦੇ ਫੁੱਲ ਉਤੋਂ
ਵਾਰੇ ਜਾਣ ਵਾਲੇ ਹੋ ਗਏ ਭੌਰ ਕਾਲੇ
ਪ੍ਰੇਮ ਰਤਾ ਕੁ ਜਿੰਨ੍ਹਾਂ ਦੇ ਪਿਆ ਪੱਲੇ
ਘਰ ਘਰ ਫਿਰਨ ਭੌਂਦੇ ਕੋਈ ਘਰਾਂ ਵਾਲੇ
'ਮੂਸਾ' ਵਾਂਗਰਾਂ ਇੱਕੋ ਹੀ ਝਾਤ ਪਾ ਕੇ
ਰੋ ਰੋ ਕਰਨ ਨਾਲੇ, ਨਾਲੇ ਵਹਿਣ ਨਾਲੇ

ਦੱਸੋ, ਲਹਿਣੇ ਕੀ ਗੁਰਾਂ ਦਾ ਦੇਵਣਾ ਸੀ
ਐਪਰ ਪ੍ਰੇਮ-ਫਾਹੀ ਗਲ 'ਚ ਪਈ ਹੋਈ ਸੀ
ਪੀੜ ਪ੍ਰੀਤ ਦੀ, ਮਰਜ਼ ਵੈਰਾਗ ਵਾਲੀ
ਆਪਾ ਵੇਚ ਕੇ ਮੁੱਲ ਵਿਚ ਲਈ ਹੋਈ ਸੀ

ਜੇ ਕੋਈ ਭੌਰ ਨੂੰ ਕਹੇ, ਕਿ ਬਾਜ਼ ਆ ਜਾ
ਫੁੱਲ ਵੇਖਣੇ ਬਾਗ਼ ਵੱਲ ਜਾਇਆ ਨਾ ਕਰ
ਲੈਣਾ ਕੀ ਪਰਵਾਨਿਆਂ ! ਲਾਟ ਵਿਚੋਂ
ਐਵੇਂ ਆਪਣਾ ਆਪ ਜਲਾਇਆ ਨਾ ਕਰ
ਕਿਹੜੀ ਗੱਲ 'ਤੇ ਫਿਰੇਂ ਚਕੋਰ ! ਭੁੱਲਿਆ
ਨਿਰੀ ਚਮਕ ਈ ਇਹ, ਅੱਖੀਂ ਲਾਇਆ ਨਾ ਕਰ
ਡੁੱਬ ਮਰੇਂਗੀ ਕਮਲੀਏ ਸੋਹਣੀਏ ਨੀ !
ਪੈਰ ਵਿਚ ਝਨਾਂ ਦੇ ਪਾਇਆ ਨਾ ਕਰ

ਐਪਰ ਕਿਸਤਰ੍ਹਾਂ ਇਹ ਚਾਰੇ ਮੁੱਖ ਮੋੜਨ
ਸੰਗਲ-ਜੰਦਰੇ ਪ੍ਰੇਮ ਨੇ ਜੜੇ ਹੋਏ ਨੇ
ਸਰਪ ਹੋਰਾਂ ਤੋਂ ਜਾਇਕੇ ਪੁੱਛ ਲੌ ਜੀ
ਕਾਹਦੇ ਵਾਸਤੇ ਧੁੱਪ ਵਿਚ ਖੜੇ ਹੋਏ ਨੇ

ਕਿਵੇਂ ਰਾਖ਼ਸ਼ੋਂ ਦੇਵਤਾ ਬਣ ਗਿਆ ਸੀ
ਬੰਦੇ ਖਾਵਣੇ ਦੀ ਕੌੜਾ ਬਾਣ ਛੱਡ ਕੇ
ਬਾਬਰ ਜਿਹਾਂ ਨੇ ਸੀਸ ਝੁਕਾਏ ਕਿਉਂ ਸਨ
ਹੋ ਕੇ ਬਾਦਸ਼ਾਹ ਆਪਣੀ ਆਨ ਛੱਡ ਕੇ
ਕਿਹੜੀ ਚੀਜ਼ ਕੰਧਾਰੀ ਨੂੰ ਬੰਨ੍ਹ ਲਿਆ ਸੀ
ਚਰਨ-ਧੂੜ ਹੋਇਆ ਮਾਨ ਤਾਨ ਛੱਡ ਕੇ
ਕੇਹੀ ਲਗਨ ਮਰਦਾਨੇ ਨੂੰ ਲੱਗੀ ਹੋਈ ਸੀ
ਭੌਂਦਾ ਫਿਰੇ ਘਰ-ਬਾਰ ਸੰਤਾਨ ਛੱਡ ਕੇ

ਇਹਨਾਂ ਚੌਹਾਂ ਦੇ ਦਿਲਾਂ ਨੂੰ ਫੱਲ ਵੇਖੋ
ਲੰਘੇ ਹੋਣਗੇ ਤੀਰ ਨਸ਼ਾਨ ਛੱਡ ਕੇ
ਜਾਵਾਂ ਵਾਰਨੇ ਨੈਣਾਂ ਰੰਗੀਲਿਆਂ ਤੋਂ
ਜਿੰਨ੍ਹਾਂ ਮੋਹ ਲਿਆ ਪ੍ਰੇਮ ਦੇ ਬਾਣ ਛੱਡ ਕੇ

ਕੰਧਾਂ, ਪੱਥਰਾਂ ਦੇ ਦਿਲ 'ਤੇ ਆਪ ਅਸਾਂ
ਵੱਜੇ ਫੱਟ ਵੇਖੇ ਪ੍ਰੇਮ ਕਾਨੀਆਂ ਦੇ
ਉਹਦੀ ਨਿਗ੍ਹਾ ਵਿਚ ਅਸਰ ਕੋਈ ਗ਼ਜ਼ਬ ਦਾ ਸੀ
ਸੋਮੇ ਪੱਥਰਾਂ 'ਚੋਂ ਫੁਟੇ ਪਾਨੀਆਂ ਦੇ
ਡਿੱਠਾ ਮੋਮ ਦੇ ਵਾਂਗ ਫ਼ੌਲਾਦ ਢਲਦਾ
ਟੁੱਟਦੇ ਮਾਣ ਵੇਖੇ ਵੱਡੇ ਮਾਨੀਆਂ ਦੇ
ਅਸਾਂ ਆਪ ਵੇਖੇ ਜਿਉਂਦੇ ਫੇਰ ਮਰ ਕੇ
ਫੱਟੇ ਹੋਏ ਨਾਨਕ ਜੀ ਦੀ ਬਾਨੀਆਂ ਦੇ

ਅਤੇ ਅਸਾਂ ਵੀ ਓਸੇ ਦੀ ਭੇਟ ਖ਼ਾਤਰ
'ਸੀਤਲ' ਚਿਰਾਂ ਤੋਂ ਰੱਖਿਆ ਪਾਲ ਕੇ ਦਿਲ
ਓਸ ਸੁਖ਼ਨਾਂ ਦੇ ਪੂਰੇ ਦੇ ਸੁਖ਼ਨ ਹੀ ਜੀ
ਲੈ ਗਏ—ਕੱਸਮੇਂ !—ਮੇਰਾ ਉਧਾਲ ਕੇ ਦਿਲ

੫-੫-੩੨

# ਵੀਰ ਦੇ ਵਿਜੋਗ ਵਿਚ

## (ਬੀਬੀ ਨਾਨਕੀ)

ਨੈਣ ਸੋਮੇਂ ਸੁੱਕਦੇ ਨਹੀਂ, ਹੰਝੂ ਰੋਕੇ ਰੁਕਦੇ ਨਹੀਂ
ਵੀਰ ਦਾ ਵਿਜੋਗ ਸਾਥੋਂ ਝੱਲਿਆ ਨਾ ਜਾਂਦਾ ਏ
ਦੂਰੀ ਤੜਪਾਂਦੀ ਹੈ, ਸਤਾਂਦੀ ਹੈ ਜੁਦਾਈ ਉਹਦੀ
ਸਮਾਂ ਖਿੱਚ ਖਿੱਚ ਬਾਣ ਸੀਨੇ ਵਿਚ ਲਾਂਦਾ ਏ

ਯਾਦ ਜੀਹਦੀ ਦਿਨੇ ਰਾਤ ਦਿਲ ਵਿਚ ਵੱਸਦੀ ਏ
ਪਤਾ ਨਹੀਂ ! ਉਹ ਆਪ ਕਿਹੜੇ ਦੇਸ ਪਿਆ ਵਸਾਂਦਾ ਏ
ਰੱਬ ਜਾਣੇ, ਆਉਣ ਦਾ ਹੀ ਵਿਹਲ ਉਹਦਾ ਲੱਗਦਾ ਨਹੀਂ
ਜਾਂ ਕਿ ਰਹਿ ਦੂਰ ਸਾਡਾ ਜੇਰਾ ਅਜ਼ਮਾਂਦਾ ਏ

ਓਸਦੀ ਉਡੀਕ ਵਿਚ ਲੱਗੇ ਰਤਾ ਅੱਖ ਰਾਤ
ਸੁਪਨੇ ਦਾ ਰੂਪ ਧਾਰ ਤਦੋਂ ਫੇਰੀ ਪਾਂਦਾ ਏ
ਵੀਰ ਦਾ ਦੀਦਾਰ ਪਾ ਕੇ ਫੁੱਲੀ ਨਹੀਂ ਸਮਾਂਦੀ ਭੈਣ
'ਬੇਬੇ ਜੀ' ਪੁਕਾਰ ਮੇਰੇ ਜੀਉ ਨੂੰ ਰੀਝਾਂਦਾ ਏ

ਬਾਲਾਂ ਜੇਹੇ ਲਾਡ, ਓਹਾ ਚੋਜ ਤਲਵੰਡੀ ਵਾਲੇ
ਮਾਪਿਆਂ ਦਾ ਰਾਜ ਫੇਰ ਯਾਦ ਪਿਆ ਕਰਾਂਦਾ ਏ
ਰੱਬੀ-ਵਿੱਦਿਆ ਦਾ ਜੋ ਫਿਲਾਸਫ਼ਰ ਜੱਗ ਦਾ ਏ
ਮੈਨੂੰ—ਛੋਟਾ ਬਣ ਬਣ—ਪਿਆ ਭਰਮਾਂਦਾ ਏ

ਆਪਾ ਵਾਰ ਓਦੋਂ ਵਿਚ ਓਸਦੇ ਸਮਾਂਦੀ ਆਂ ਮੈਂ
ਜਦੋਂ ਉਹ 'ਇਲਾਹੀ-ਬਾਣੀ' ਰਾਗ ਵਿਚ ਗਾਂਦਾ ਏ
'ਆਸਾ' ਦੀਆਂ ਤਾਨਾਂ ਸੁਣ ਅੱਖ ਮੇਰੀ ਖੁੱਲ੍ਹ ਜਾਵੇ
ਅੱਖੀਆਂ 'ਚ ਵੱਸਦਾ ਅਲੋਪ ਹੋਏ ਜਾਂਦਾ ਏ

ਆਪਣਾ ਪਿਆਰਾ—ਵੇਖੋ !—ਜਾਗ ਕੇ ਗੁਆ ਲਿਆ ਮੈਂ
ਉਲਟੀ ਹੀ ਰੀਤ, ਜੱਗ ਸੋਇ ਕੇ ਗੁਆਂਦਾ ਏ
'ਸੀਤਲ' ਜੀ ਧੰਨ ਉਹ, ਜੋ ਸਾਰੇ ਥਾਂਈਂ ਵੱਸਦਾ ਏ
ਨਾਨਕੀ ਦੇ ਵੀਰ ਤਾਈਂ ਸਾਰਾ ਜੱਗ ਚਾਹੁੰਦਾ ਏ

੨੧—੪—੩੮ ਈ.

## ਜਾਣੇ ਓਹਾ, ਉਹਨੇ ਤੈਨੂੰ ਕੀ ਜਾਤਾ

ਕੋਈ ਵਲੀ ਮੰਨੇ, ਕੋਈ ਗੁਰੂ ਮੰਨੇ
ਕੋਈ ਆਖਦਾ, ਪੂਰਨ ਅਵਤਾਰ ਹੈਂ ਤੂੰ
ਕਿਸੇ ਨਬੀ, ਤੇ ਕਿਸੇ ਰਸੂਲ ਮੰਨਿਆਂ
ਕਿਸੇ ਦੱਸਿਆ, ਰੱਬ ਦਾ ਯਾਰ ਹੈਂ ਤੂੰ
ਕਿਸੇ ਪੀਰ ਤੇ ਕਿਸੇ ਸਮਰੱਥ ਮੰਨਿਆਂ
ਕਿਸੇ ਕਿਹਾ, ਪਰਤੱਖ ਕਰਤਾਰ ਹੈਂ ਤੂੰ
ਕੋਈ ਕੁਝ ਮੰਨੇ, ਮੈਨੂੰ ਹਿਰਖ ਕੋਈ ਨਹੀਂ
ਮੈਂ ਤਾਂ ਮੰਨਦਾਂ, ਮੇਰੀ ਸਰਕਾਰ ਹੈਂ ਤੂੰ

ਜੋ ਕੁਛ ਦੱਸਦਾ ਏ ਕੋਈ, ਓਹਾ ਹੈਂ ਤੂੰ
ਜੋ ਕੁਛ ਕਿਸੇ ਨੇ ਸਮਝਿਆ, ਓਹੋ ਪਾਇਆ
'ਨਾਨਕ' ਮਾਂ ਦਾ, ਸਮਝਿਆ ਹੋਰ ਲੋਕਾਂ
ਤੇਰੀ ਕੁਦਰਤਾਂ ਦਾ ਨਹੀਂ ਅੰਤ ਆਇਆ

ਜਾਣੇ ਓਹਾ, ਉਹਨੇ ਤੈਨੂੰ ਕੀ ਜਾਤਾ ?
ਹਰੀਆਂ ਜੀਹਦੀਆਂ ਉੱਜੜੀਆਂ ਕੀਤੀਆਂ **ਸੀ**
ਸੀ ਕੁਛ ਸਮਝ ਕੇ ਸਰਪ ਨੇ ਛਾਂ ਕੀਤੀ
ਬਿਰਛਾਂ ਨਾਲ ਤੇਰੇ ਲਾਈਆਂ ਪ੍ਰੀਤੀਆਂ ਸੀ
ਸੀਨੇ ਖਿੱਚ ਖਾਧੀ ਰਾ-ਬੁਲਾਰ ਕੋਈ
ਲਾ ਕੇ ਪਾਲੀਆਂ ਜਿਸ ਪ੍ਰੇਮ-ਰੀਤੀਆਂ ਸੀ
ਤੋੜ ਭੈਣ ਨੇ ਵੀਰ ਦੀ ਸਾਕਦਾਰੀ
ਗੁਰੂ ਸਮਝ, ਚਰਨਾਮਤਾਂ ਲੀਤੀਆਂ ਸੀ

ਤੇਰੀ ਯਾਦ ਦੀ ਮੁੰਦਰੀ ਘੜੀ ਉਹਨਾਂ
ਜਿਨ੍ਹਾਂ ਵਾਂਗ ਸੋਨੇ ਤੈਨੂੰ ਸ਼ੁੱਧ ਤੱਕਿਆ
ਉਹਨਾਂ ਹੋਰ ਕੁਛ ਸਮਝਿਆ ਹੋਊ ਤੈਨੂੰ
ਜਿਨ੍ਹਾਂ ਕੋਧਰੇ 'ਚੋਂ ਵਗਦਾ ਦੁੱਧ ਤੱਕਿਆ

ਚਰਨ-ਧੂੜ ਤੇਰੀ ਕੀਤੇ ਲਾਲ ਪੈਦਾ
ਜਿਨ੍ਹਾਂ ਚਰਨ ਚੁੰਮੇ, ਬੇੜੇ ਪਾਰ ਹੋ ਗਏ
ਤਪਦੇ ਤੇਲ ਕੜਾਹੇ ਦੇ ਵਾਂਗ ਹਿਰਦੇ
ਤੱਕ ਕੇ ਨੂਰ ਤੇਰਾ ਠੰਢੇ ਠਾਰ ਹੋ ਗਏ
ਤੇਰੀ ਗੋਦੜੀ ਦੇ ਹੇਠਾਂ ਰੁਲਨ ਸ਼ਾਹੀਆਂ
ਤਾਜ-ਤਖ਼ਤ ਵਾਲੇ ਖ਼ਾਕਸਾਰ ਹੋ ਗਏ
ਬੰਦੇ ਖਾਣ ਵਾਲੇ, ਚੁੰਮ ਚਰਨ ਤੇਰੇ
ਤੇਰੇ ਬੰਦਿਆਂ ਦੇ ਸੇਵਾਦਾਰ ਹੋ ਗਏ

ਰੱਖੇ ਪੱਥਰਾਂ ਸਾਂਭ ਨਸ਼ਾਨ ਤੇਰੇ
ਚਰਨ ਧੋਣ ਬਦਲੇ ਭੱਜਾ ਨੀਰ ਆਇਆ
ਕਰਦਾ ਫਿਰੇ ਪਰਦੱਖਣਾ, ਚਰਨ ਪਰਸੇ
ਪੀਰੀ ਵੇਖ, ਤੇਰੀ ਸ਼ਰਨ ਪੀਰ ਆਇਆ

ਤੇਰੀ ਨਿਗ੍ਹਾ ਦੇ ਵਿਚ ਮਿਠਾਸ ਸੀ ਕੋਈ
ਤੂੰ ਹੈਂ ਰੋੜਿਆਂ ਵਿਚ ਮਿਸਰੀ ਭਰਨ ਵਾਲਾ
ਜਿਊਂਦਾ ਮਰ ਗਿਆ, ਪ੍ਰੇਮ ਦੇ ਬਾਣ ਖਾ ਕੇ
ਸੱਜਣ ਯਾਰ ਬਣ ਠੱਗੀਆਂ ਕਰਨ ਵਾਲਾ
ਜਿੱਥੇ ਤੂੰ ਹੋਸੇਂ, ਉੱਥੇ ਨਾਲ ਦਿੱਸੂ
ਤੇਰੇ ਹੁਕਮ ਅੰਦਰ ਜਿਉਣ-ਮਰਨ ਵਾਲਾ
ਛੂਹ ਕੇ ਅੰਗ ਦੇ ਨਾਲ ਹੋ ਗਿਆ 'ਅੰਗਦ'
ਲਹਿਣੇ ਵਾਂਗ ਤੇਰੀ ਸੇਵਾ ਕਰਨ ਵਾਲਾ

ਕੰਧਾਂ ਮੱਕੇ ਦੀਆਂ ਫਿਰਨ, ਕੀ ਗੱਲ ਵੱਡੀ
ਤੇਰੇ ਹੁਕਮ ਵਿੱਚ ਜ਼ਿਮੀਂ ਅਸਮਾਨ ਫਿਰਦਾ
ਕਿਹੜੀ ਗਿਣਤੀ 'ਚ ਗਿਣਾ ਇਨਸਾਨ 'ਸੀਤਲ'
ਲੱਗਾ ਭਗਤ ਦੇ ਮਗਰ ਭਗਵਾਨ ਫਿਰਦਾ

੩-੧੧-੩੫

# ਸ਼ਾਂਤੀ ਦਾ ਅਵਤਾਰ

ਸੂਰਜ ਦੇ ਸੀਨੇ ਉੱਤੇ ਹੱਥ ਰੱਖ ਵੇਖਿਆ ਮੈਂ
ਕਾਹਲੀ ਕਾਹਲੀ ਧੜਕਦਾ, ਤੇ ਸੇਕ ਪਿਆ ਮਾਰਦਾ
ਤਪ ਤਪ ਪਿੰਡਾ ਉਹਦਾ ਤੱਤੀ ਤਵੀ ਵਾਂਗ ਹੋਇਆ
ਉੱਡਣ ਚੰਗਆੜੇ, ਜਿਉਂ ਦੁਕਾਨ ਹੋ ਲੁਹਾਰ ਦਾ
ਦੋਹਾਂ ਨੈਣਾਂ ਸੋਮਿਆਂ 'ਚ ਖ਼ੂਨ ਜੋਸ਼ ਮਾਰਦਾ ਸੀ
ਦੇਗਾਂ ਵਿਚ ਪਾਣੀ ਜਿਉਂ ਉਬਾਲੇ ਹੋਵੇ ਮਾਰਦਾ
ਤੱਤੇ ਤੱਤੇ ਤਾਰਿਆਂ ਦਾ ਮੀਂਹ ਉਤੇ ਵੱਸਦਾ ਸੀ
ਦਾਣਿਆਂ 'ਤੇ ਰੇਤ ਪਾਵੇ ਮਾਂਜਾ (ਜਿਉਂ) ਭਠਿਆਰ ਦਾ

ਓਸਦੀ ਤਪਸ਼ ਨਾਲ ਹੱਥ ਮੇਰਾ ਸੜਨ ਲੱਗਾ
ਉਤਰਵਾਹ ਉਠਿਆ ਮੈਂ ਕੂਕਦਾ ਪੁਕਾਰਦਾ
ਦੋਵੇਂ ਮੇਰੇ ਹੱਥ ਮੇਰੀ ਹਿੱਕ ਉਤੇ ਹੈਸੀ ਤਦੋਂ
ਆਪਦਾ ਹੀ ਸੀਨਾ ਹੈਸੀ ਰੂਪ ਅੰਗਿਆਰ ਦਾ
ਨਿੰਮੋਝੂਣਾ ਹੋ ਕੇ ਹਾਲ ਦੱਸਿਆ 'ਕਰਤਾਰ' ਤਾਈਂ
"ਪੈ ਗਿਆ ਵਿਛੋੜਾ ਅੱਜ ਕਿਸੇ ਦਿਲਦਾਰ ਦਾ"

ਓਸ ਕਿਹਾ, "ਯਾਦ ਨਹੀਂ ਜੇ ? ਜੇਠ ਸੁਦੀ ਚੌਥ ਅੱਜ
ਅੱਜ ਹੈ ਸ਼ਹੀਦੀ ਪੂਰਬ 'ਸ਼ਾਂਤੀ ਅਵਤਾਰ' ਦਾ"

ਫੇਰ ਕੀ ਸੀ ? ਝੱਟ ਅੱਖਾਂ ਤੱਤੀਆਂ ਦੇ ਸਾਮ੍ਹਣੇ ਜੀ
ਸੀਨ ਗਿਆ ਖਿੱਚਿਆ ਲਾਹੌਰ ਦੇ ਬਜ਼ਾਰ ਦਾ
ਦਿਲ ਤੇ ਦਮਾਗ਼ ਵਿਚੋਂ ਤੱਤਾ ਤੱਤਾ ਸੇਕ ਆਇਆ
ਤੱਤਿਆਂ ਦੇ ਹੇਤ ਤੱਤੇ ਤਾਂ ਸੀ ਸਹਾਰਦਾ
ਰੁੱਤ ਤੱਤੀ, ਰੇਤ ਤੱਤੀ, ਲੋਹ ਤੱਤੀ, ਦੇਗ ਤੱਤੀ
ਤੱਤੇ ਤਾਂ ਝੱਲ ਦਿਲਾਂ ਤੱਤਿਆਂ ਨੂੰ ਠਾਰਦਾ
ਪਾਪੀਆਂ ਦੇ ਕਾਰੇ ਵੇਖ ਸੂਰਜ ਨੂੰ ਅੱਗ ਲੱਗੀ
ਅੱਗੋ ਅੱਗ ਕੀਤਾ ਵਾਯੂ ਮੰਡਲ ਸੰਸਾਰ ਦਾ

ਅੱਗ ਦੇ ਭਬੂਕੇ ਉਠੇ ਓਸ ਦੀਆਂ ਅੱਖੀਆਂ 'ਚੋਂ
ਆਖੇ: 'ਸਾੜ ਦੇਵਾਂ, ਪਰ ਤੇਰਾ ਡਰ ਮਾਰਦਾ'
ਭਠੀਆਂ ਦਾ ਰੇਤਾ ਗੁੱਸੇ ਨਾਲ ਲਾਲੋ-ਲਾਲ ਹੋਇਆ
'ਲਾਲ' ਜੀ ਦੀ ਜਾਨ ਉਤੋਂ ਜਾਨ ਪਿਆ ਵਾਰਦਾ
ਲੋਹਾਂ ਦੀਆਂ ਹਿੱਕਾਂ ਏਸੇ ਤਾਂ ਨਾਲ ਤਪ ਗਈਆਂ
ਤੱਤਿਆਂ ਦੇ ਤਾਂ ਨੂੰ ਨਾ ਲੋਹਾ ਵੀ ਸਹਾਰਦਾ
ਦੇਗ ਦਿਆਂ ਪਾਣੀਆਂ ਨੇ ਦੇਗਾਂ ਵਿਚ ਜੋਸ਼ ਖਾਧਾ
ਉੱਡਿਆ ਗ਼ੁਬਾਰ ਬਣ ਦਿਲ ਦੁਖਿਆਰ ਦਾ

ਭਾਨ, ਰੇਤ, ਲੋਹ, ਦੇਗ, ਅੱਗ ਦੇ ਝਲੂਠਿਆਂ ਨੂੰ
ਚਰਨ-ਛੁਹ ਦੇ ਕੇ 'ਠੰਢਾ' ਤੱਤਿਆਂ ਨੂੰ ਠਾਰਦਾ
ਕੋੜਕੂ ਦੇ ਦਾਣੇ ਵਾਂਗ ਪਾਪੀਆਂ ਦੇ ਪਾਪੀ ਰਹਿ ਗਏ
ਦੇਗ ਦਾਲ ਗਾਲ ਛਿੱਲ ਪਾਪਾਂ ਦੀ ਉਤਾਰਦਾ
ਤਪੇ ਹੋਏ ਪਾਣੀ ਵਿਚੋਂ ਨਿਕਲੇ ਹਵਾੜ੍ਹ ਜਿਵੇਂ
ਤਪੇ ਦਿਲ ਆਦਮੀ ਦਾ ਆਹ ਦਾ ਨਾਅਰਾ ਮਾਰਦਾ
ਸ਼ਾਂਤੀ ਅਵਤਾਰਾ! ਪਰ ਤੇਰਾ ਜੇਰਾ ਤੇਰੇ ਵਿਚ
ਹੱਸ ਹੱਸ ਠੰਢੇ ਦਿਲ ਦੁਖੜੇ ਸਹਾਰਦਾ

ਆਪਾ ਕੁਰਬਾਨ ਕਰ ਆਉਣ ਵਾਲੇ ਯੋਧਿਆਂ ਲਈ
ਬੂਹਾ ਖੋਲ੍ਹ ਦਿਤਾ ਸ਼ਾਂਤ, ਸ਼ਾਂਤੀ ਸੰਸਾਰ ਦਾ
ਸ਼ਾਂਤ 'ਚ ਕੁਰਬਾਨੀ ਤੇ ਕੁਰਬਾਨੀ ਵਿਚੋਂ ਸ਼ਾਂਤੀ ਨਿਕਲੀ
ਇਕ ਕਣੀ ਪਾ ਕੇ ਜੀਹਦੀ ਗਾਂਧੀ ਨਾਅਰੇ ਮਾਰਦਾ
ਸ਼ਾਂਤੀ ਤੇ ਅਸ਼ਾਂਤੀ ਦਾ ਮੁਕਾਬਲਾ ਪਿਆ ਏ ਜੱਗ
ਅੱਗੇ ਜਿੱਤੀ ਸ਼ਾਂਤੀ, ਹੁਣ ਵੇਖੋ! ਕੌਣ ਹਾਰਦਾ?
ਸ਼ਾਂਤੀ ਤੇ ਅਸ਼ਾਂਤੀ ਵਿਚੋਂ 'ਸੀਤਲ' ਇਤਿਹਾਸ ਦੱਸੇ
ਹਾਰਦਾ ਸੋ ਜਿੱਤਦਾ, ਤੇ ਜਿੱਤਦਾ ਸੋ ਹਾਰਦਾ

੧੦—੫—੩੨

## ਦਸਮੇਸ਼ ਯਾਦ

ਮੇਰੀ ਯਾਦ ਦੀ ਪੱਟੀ 'ਤੇ ਲਿਖੇ ਹੋਏ ਨੇ
ਤੇਰੇ ਚੋਜ, ਐ ਚੋਜੀਆ ! ਭੁੱਲਦੇ ਨਹੀਂ
ਤੇਰੇ ਪ੍ਰੇਮ ਦੇ ਪਏ ਜੋ ਪੇਚ ਪੀਚੇ
ਨਵ੍ਹਾਂ ਸਮੇਂ ਦਿਆਂ ਨਾਲ ਵੀ ਖੁੱਲ੍ਹਦੇ ਨਹੀਂ
ਸਾਰੇ ਜੱਗ, ਬਜ਼ੁਰਗੀ ਦੇ ਕਾਰਨਾਮੇ
ਤੇਰੇ ਇਕ ਕੌਤਕ ਨਾਲ ਤੁੱਲਦੇ ਨਹੀਂ
ਛਤਰਧਾਰੀਆਂ ਦੇ ਸਿਰ ਦੇ ਛਤਰ, ਜੀਵੇਂ
ਤੇਰੇ ਪੈਰ ਦੀ ਜੁੱਤੀ ਦੇ ਮੁੱਲ ਦੇ ਨਹੀਂ

ਤੇਰੀ ਬਾਂਕੀ ਕਮਾਨ ਦਿਆਂ ਗੋਸ਼ਿਆਂ ਨੂੰ
ਜਿੱਤ, ਬੀਰਤਾ ਆਣ ਪਰਣਾਮ ਕਰਦੀ
ਤੇਰੇ ਸੇਵਕਾਂ ਦੇ ਜਿੱਥੇ ਲਹਿਣ ਜੋੜੇ
ਮੁਕਤੀ ਆਣ ਕੇ ਓਥੇ ਬਿਸਰਾਮ ਕਰਦੀ

ਪਰਬਤ ਕਰਨੀਆਂ ਦਾ, ਟਿੱਲਾ ਬੀਰਤਾ ਦਾ
ਤੇਰੇ ਤੀਰ ਦੀ ਨੋਕ 'ਤੇ ਤੁਲ ਜਾਵੇ
ਸੱਤਾਂ ਪੀਹੜੀਆਂ ਦੀ ਜੱਦੀ ਬਾਦਸ਼ਾਹੀ
ਤੇਰੇ ਘੋੜੇ ਦੇ ਕਦਮਾਂ 'ਚ ਰੁਲ ਜਾਵੇ
ਦਾਗ਼ ਜ਼ੁਲਮ ਦੇ ਜੱਗ ਤੋਂ ਧੋਣ ਬਦਲੇ
ਖ਼ੂੰਨ ਤੇਰੇ 'ਅਜੀਤ' ਦਾ ਡੁੱਲ੍ਹ ਜਾਵੇ
ਸੁਣ ਕੇ ਸਾਕਾ ਸਰਹਿੰਦ ਦਾ ਹੱਸ ਛਡੇਂ
ਵੇਖ ਰੋਣ 'ਯਾਕੂਬ' ਨੂੰ ਭੁੱਲ ਜਾਵੇ

ਕਲਮ–ਤੀਰ ਨੇ ਲਿਖੇ ਜਾਂ ਲੇਖ ਡਾਢੇ
ਡਿੱਗੇ ਹੰਝੂ ਅਮੋਲ ਭਗਵਾਨ ਤੇਰੇ
ਮਾਛੀਵਾੜੇ ਦੇ ਰੁੱਖ ਪਏ ਦੱਸਦੇ ਨੇ
ਉੱਕਰੇ ਹਿਰਦਿਆਂ ਉੱਤੇ ਅਹਿਸਾਨ ਤੇਰੇ

'ਜ਼ੋਰਾਵਰ', 'ਜੁਝਾਰ' ਦੀ ਰੂਹ ਬਣ ਕੇ
ਸਾਰੇ ਫੇਰੀਆਂ ਪਾਵੰਦੀ ਯਾਦ ਤੇਰੀ
'ਗੁਜਰੀ' ਮਾਂ ਦਿਆ ਹੀਰਿਆ ! ਲਾਲ, ਚੰਨਾ !
ਅੱਠੇ ਪਹਿਰ ਸਤਾਵੰਦੀ ਯਾਦ ਤੇਰੀ
ਧੂਹਾਂ ਪਾਵੰਦੀ ਏ, ਚੋਭਾਂ ਲਾਵੰਦੀ ਏ,
ਮੱਛੀ ਵਾਂਗ ਤੜਫਾਵੰਦੀ ਯਾਦ ਤੇਰੀ
ਤੇਰੇ ਤੀਰ ਜਿਉਂ ਚਿੱਠੀਆਂ ਵੰਡਦੇ ਸਨ
ਸਾਨੂੰ ਸਿਨ੍ਹੇਂ ਪੁਚਾਵੰਦੀ ਯਾਦ ਤੇਰੀ

ਤੇਰਾ ਦੁਖੀ ਪੰਜਾਬ ਨੂੰ ਛੱਡ ਤੁਰਨਾ
ਜਦੋਂ ਸਾਂਵਲੇ ਸ਼ਾਮ ਜੀ! ਯਾਦ ਆਵੇ
ਹਾਲਤ ਕੌਮ ਦੀ, ਰਾਧਾਂ ਦਾ ਦਿਲ ਬਣ ਕੇ
ਮੇਰੀਆਂ ਬੁੱਲ੍ਹੀਆਂ ਉਤੇ ਫ਼ਰਯਾਦ ਆਵੇ

ਆਜਾ, ਕਿਸੇ 'ਜੁਝਾਰ' ਦਾ ਸਿਰ ਸਦਕਾ
ਸੜਦੇ ਦਿਲਾਂ 'ਤੇ ਠੰਢ ਵਰਤਾ, ਆਜਾ
ਫੱਟ ਫੁੱਟ ਦੇ ਮੇਲ ਦੀ ਮਲ੍ਹਮ ਲੋੜਨ
ਆਜਾ, ਪੱਟੀ ਪਿਆਰ ਦੀ ਲਾ, ਆਜਾ
ਟੁੱਟੀ ਤੰਦ ਇਤਫ਼ਾਕ ਦੀ ਹਿੰਦੀਆਂ ਦੀ
ਗੰਢ ਸਾਂਝ ਖ਼ਿਆਲੀ ਦੀ ਪਾ ਆ ਜਾ
ਮੁਰਦਾ ਦਿਲਾਂ ਵਿਚ ਫੂਕ ਕੇ ਰੂਹ ਜ਼ਿੰਦਾ
ਡਿੱਗੀ ਕੌਮ ਨੂੰ ਫੇਰ ਉਠਾ, ਆਜਾ

'ਸੀਤਲ' ਤੇਰੇ ਦਰਬਾਰ ਦੇ ਵਿਚ ਆ ਕੇ
ਵੈਰੀ ਜਨਮ ਦਾ ਵੀ ਵੀਰ ਹੋ ਦਿੱਸੇ
ਤੇਰੇ ਨੀਲੇ ਦੇ ਸੁੰਬ ਦੀ ਧੂੜ ਉੱਡੇ
ਮਗਰ ਮਗਰ ਆਜ਼ਾਦੀ ਦੀ ਲੋ ਦਿੱਸੇ

੧੫—੧੨—੩੩ ਈ.

# ਜਾਵਾਂ ਤੇਥੋਂ ਵਾਰਨੇ

ਵਾਰ ਵਾਰ ਜਾਵਾਂ ਤੇਰੇ ਵਾਰਾਂ ਉੱਤੋਂ ਵਾਰੀ, ਜੀਵੇਂ
ਮਾਰ ਮਾਰ ਤਾਰੇ ਕੇਈ ਤੇਰੀ ਤਲਵਾਰ ਨੇ
ਮਾਰਨਾ, ਤੇ ਮਾਰ ਕੇ ਜਿਵਾਲਨਾ ਅਚਰਜ ਹੀ ਹੈ
ਕੇਸ ਗੜ੍ਹ ਵਾਲੇ ਪੰਜ ਕਿਨ੍ਹੇ ਹਈ ਵਿਸਾਰਨੇ !
ਬਾਂਕਿਆ ਮਲਾਹਵਾ ! ਤੇਰੇ ਬੇੜੇ ਵੀ ਅਨੋਖੇ ਵੇਖੇ
ਤੇਗ਼ ਵਾਲੀ ਧਾਰ ਉਤੇ ਚਾੜ੍ਹ ਚਾੜ੍ਹ ਤਾਰਨੇ
ਧਾਰ ਉੱਤੇ ਚੜ੍ਹਨ ਵਾਲੇ, ਨਵੇਂ ਜਨਮ ਧਾਰ ਬੈਠੇ
ਛੱਡ ਦਿਤੇ ਨਿਤ ਨਵੇਂ ਨਵੇਂ ਜਨਮ ਧਾਰਨੇ

'ਮੌਤ ਉਹਲੇ ਜ਼ਿੰਦਗੀ ਦਾ ਸੋਮਾਂ' ਜਿਨ੍ਹਾਂ ਲੱਭ ਲਿਆ
ਉਹਨਾਂ ਅੱਗੇ ਗੱਲ ਕਿਹੜੀ ਹੈ ਜੇ ਸੀਸ ਵਾਰਨੇ
ਤੇਰੀ ਤਲਵਾਰ ਕਾਹਦੀ, ਜਾਦੂ ਨਾਲੋਂ ਵਧ ਗਈ ਏ
ਕੀਤੇ ਜੀਨ੍ਹੇ ਜੱਗ ਨਾਲੋਂ ਬਾਹਰੇ ਕੇਈ ਕਾਰਨੇ
ਪੰਜ ਘੁੱਟ ਪਾਣੀ ਤੇਰੇ ਖੰਡੇ ਵਾਲਾ ਪੀਤਾ ਜਿਨ੍ਹਾਂ
ਸਿੱਖ ਲਏ ਅਨੋਖੀ ਤਰ੍ਹਾਂ ਉਹਨਾਂ ਸੀਸ ਵਾਰਨੇ
ਧੜਾ-ਧਾੜ, ਧੜਾਂ ਉੱਤੇ ਧੜ ਲੱਖਾਂ ਚਾੜ੍ਹ ਦੇਣੇ
ਸਵਾ-ਸਵਾ ਲੱਖ ਨਾਲ ਕੱਲ੍ਹੇ ਜੰਗ ਮਾਰਨੇ

ਮਾਰਨੇ, ਨਿਘਾਰਨੇ, ਵੰਗਾਰਨੇ, ਸੁਆਰਨੇ
ਲਤਾੜਨੇ, ਉਜਾੜਨੇ ਤੇ ਸਾੜਨੇ ਹਜ਼ਾਰ ਨੇ
ਆਪ ਗਿਉਂ ਜੰਗ ਵਿਚ ਕੁੱਲ ਨਾਲੋਂ ਵੱਧ ਕੀਤੀ
ਤੇਰੇ ਨਾਲੋਂ ਵੱਧ ਕੀਤੀ ਤੇਰੀ ਤਲਵਾਰ ਨੇ
ਕੱਟ ਕੱਟ, ਫੱਟ ਫੱਟ, ਵਢ ਵਢ ਸੁੱਟੇ ਕੋਈ
ਝੱਟ ਪੱਟ ਸੱਟ ਫਟਾ-ਫਟ ਕੀਤੇ ਵਾਰ ਨੇ
ਮਾਰੇ ਲਲਕਾਰੇ, ਚਮਕਾਰੇ, ਲਿਸ਼ਕਾਰੇ, ਜਦੋਂ
ਮਾਰੇ ਮਾਰੇ ਨੱਸਦੇ ਨੇ ਹਾਰੇ ਬੇ-ਸ਼ੁਮਾਰ ਨੇ

ਹਾਰਨਾ ਤੇ ਪਿੱਠ ਦੇ ਕੇ ਨੱਸਣਾ ਨਾ ਸਿੱਖਿਆ ਤੂੰ
ਮੰਨੀ ਨਾਹੀਂ ਹਾਰ, ਏਥੇ ਕੋਈ ਗਏ ਹਾਰ ਨੇ
ਵੱਡੇ ਵੱਡੇ ਮਾਨ ਵਾਲੇ, ਮਾਨ ਤੇ ਗੁਮਾਨ ਵਾਲੇ
ਆਨ, ਸ਼ਾਨ, ਤਾਨ ਵਾਲੇ ਤੇਰੇ ਪਾਣੀ ਹਾਰ ਨੇ
ਤੀਰ ਤੇਰੇ ਪੀਰ ਅਤੇ ਖੰਡਾ ਉਸਤਾਦ ਤੇਰਾ
ਨੇਜ਼ਾ ਤੇ ਕਟਾਰ, ਤਲਵਾਰ ਤੇਰੇ ਯਾਰ ਨੇ
ਨਿੱਕੇ ਨਿੱਕੇ ਤੇਰਿਆਂ ਨੇ ਤੇਰੇ ਜਿਹੇ ਜੌਹਰ ਦੱਸੇ
'ਜ਼ੋਰਾਵਰ', 'ਫ਼ਤਹਿ', ਤੇ 'ਅਜੀਤ' ਤੇ 'ਜੁਝਾਰ' ਨੇ

ਲੋਕਾਂ ਤਾਈਂ ਵਾਰਨ ਦੀ ਸਿੱਖਿਆ ਤੂੰ ਦਿਤੀ ਫੇਰ
ਪਹਿਲਾਂ ਤਾਰੇ ਅੱਖੀਆਂ ਦੇ ਆਪ ਵਾਰੇ ਚਾਰ ਨੇ
ਪਾਏ ਨੇ ਤੂੰ ਪੂਰਨੇ ਨਿਰਾਲੇ ਅਧਿਆਪਕਾ ਓ !
'ਸੀਤਲ' ਮੈਂ ਜਾਵਾਂ ਤੇਥੋਂ ਵਾਰ ਵਾਰ ਵਾਰਨੇ

੭-੧੨-੩੦

## ਤੇਗ਼ ਦਸਮੇਸ਼ ਦੀ

ਉੱਡਦੀ ਧੂੜ ਨੇ ਘਟਾ ਦਾ ਰੂਪ ਧਰ
ਪਿਰਥਵੀ ਨਾਲ ਅਸਮਾਨ ਨੂੰ ਜੋੜਿਆ
ਹੋਮ ਦੇ ਧੂੰਅ, ਜਾਂ ਧੁੰਧ ਪਰਭਾਤ ਦੀ
ਵਾਂਗ ਹਨ੍ਹੇਰ ਦੇ ਚਾਨਣਾ ਤੋੜਿਆ
ਧੁੰਧ ਨੂੰ ਚੀਰਦੀ ਨੂਰ ਦੀ ਤਾਰ ਜਹੀ
ਚਮਕਦੀ ਦੂਰ ਤੋਂ ਨਜ਼ਰ ਇਕ ਆਂਵਦੀ
ਅਕਲ ਨੇ ਸੋਚਿਆ, ਬਿਜਲੀ ਲਿਸ਼ਕਦੀ
ਸੋਚ ਨੇ ਦੱਸਿਆ, ਤੇਗ਼ ਦਸਮੇਸ਼ ਦੀ

ਦਲਾਂ ਦੇ ਦਲ ਆਮ੍ਹੋ-ਸਾਮ੍ਹਣੇ ਜੁੱਟ ਪਏ
ਲਹੂ ਨਾਲ ਸੂਰਮੇ ਖੇਡਦੇ ਹੋਲੀਆਂ
ਪੱਕੀਆਂ ਖੇਤੀਆਂ 'ਤੇ ਗੜਾ ਵੱਸਦਾ
ਇਸਤਰ੍ਹਾਂ ਦਲਾਂ 'ਤੇ ਵਰ੍ਹਦੀਆਂ ਗੋਲੀਆਂ
ਉੱਡਦੇ ਆਂਵਦੇ ਸ਼ੂਕਦੇ ਸੱਪ ਜਿਉਂ
ਗਰੜ ਭਗਵਾਨ ਜੀ ਟੁਕ ਟੁਕ ਸੁਟਦੇ
ਵੈਰੀਆਂ ਦੇ ਆਂਵਦੇ ਤੀਰ ਅੱਧ 'ਚੋਂ
ਕੱਟ ਕੱਟ ਸੁੱਟਦੀ ਤੇਗ਼ ਦਸਮੇਸ਼ ਦੀ

ਆਹ ਦੀ ਅਹੁ ਗਈ, ਅਹੁ ਦੀ ਅਹੁ ਗਈ
ਨੱਚਦੀ ਟੱਪਦੀ ਜੱਲੀਆਂ ਪਾਂਵਦੀ
ਭਾਸਦੀ ਇਉਂ, ਜਿਉਂ ਨੂਰ ਦੀ ਮੱਛਲੀ
ਖ਼ੂੰਨ ਦੀ ਨਦੀ ਵਿਚ ਤਾਰੀਆਂ ਲਾਂਵਦੀ

ਤੰਦ ਕੰਮਿਹਾਰ ਦੀ ਵਾਂਗਰਾਂ ਚੱਕ ਤੋਂ
ਮੱਘੀਆਂ ਲਾਹਵੰਦੀ ਸਿਰਾਂ ਦੀਆਂ ਧੜਾਂ ਤੋਂ
ਚੁਗਲ ਦੀ ਜੀਭ, ਤੇ ਚੋਰ ਦੀ ਅੱਖ ਜਿਉਂ
ਵਾਰ ਕਰ ਜਾਵੰਦੀ ਤੇਗ ਦਸਮੇਸ਼ ਦੀ

ਪੱਕੀਆਂ ਖੇਤੀਆਂ ਨੂੰ ਫਿਰੇ ਵੱਢਦੀ
ਦਾਤਰੀ ਜਿਸ ਤਰ੍ਹਾਂ ਗੱਭਰੂ ਜੱਟ ਦੀ
ਸਾਗ ਦੀ ਚੀਰਨੀ ਹੱਥ ਮੁਟਿਆਰ ਦੇ
ਦਾਤ ਦੀ ਧਾਰ 'ਤੇ ਫੇਰ ਕੇ ਕੱਟਦੀ
ਜਿਸ ਤਰ੍ਹਾਂ ਮੱਖਣੋਂ ਵਾਲ, ਜਾਂ ਸਾਬਣੋਂ
ਤਾਰ ਹੈ ਨਿਕਲਦੀ ਚੀਰਦੀ ਜਾਵੰਦੀ
ਇਸ ਤਰ੍ਹਾਂ ਸਣੇ ਸੰਜੋਅ ਸਰੀਰ 'ਚੋਂ
ਪਾਰ ਹੋ ਜਾਵੰਦੀ ਤੇਗ ਦਸਮੇਸ਼ ਦੀ

ਚਮਕਦੀ, ਦਮਕਦੀ, ਸੈਨਤਾਂ ਮਾਰਦੀ
ਕਿਨ੍ਹਾਂ ਨੂੰ ਮਾਰਦੀ, ਕਿਨ੍ਹਾਂ ਨੂੰ ਤਾਰਦੀ
ਕਿਨ੍ਹਾਂ ਨੂੰ ਤਾਰਦੀ, ਕਿਨ੍ਹਾਂ ਨੂੰ ਡੋਬਦੀ
ਕਿਨ੍ਹਾਂ ਨੂੰ ਸਾੜਦੀ, ਕਿਨ੍ਹਾਂ ਨੂੰ ਠਾਰਦੀ
ਕਿਨ੍ਹਾਂ ਦੀ ਖੈਅ, ਤੇ ਕਿਨ੍ਹਾਂ ਦੀ ਜੈਅ ਇਹ
ਕਿਨ੍ਹਾਂ ਦੀ ਮੌਤ, ਤੇ ਕਿਨ੍ਹਾਂ ਦੀ ਜ਼ਿੰਦਗੀ
'ਸੀਤਲਾ' ਹਿੰਦ ਦੇ ਲੇਖ ਲਿਖਦੀ ਪਈ
ਸ਼ਾਨ ਪੰਜਾਬ ਦੀ ਤੇਗ ਦਸਮੇਸ਼ ਦੀ

੨੨-੧੨-੩੩ ਈ.

## ਕਲਗ਼ੀਧਰ ਦੀ ਸ਼ਾਨ

ਬੋਲੀਆਂ ਨਾ ਮਾਰੋ, ਲੋਕੋ ! ਪਿਆਰੇ ਜੀ ਦਾ ਨਾਮ ਲੈ ਕੇ
ਪਿਆਰੇ ਜਿਹਾ ਦੱਸੋ, ਹੋਰ ਹੈਗਾ ਹੈ ਜਹਾਨ ਵਿਚ ?
ਆਨ ਵਿਚ, ਸ਼ਾਨ ਵਿਚ, ਮਾਨ ਵਿਚ, ਤਾਨ ਵਿਚ
ਗਿਆਨ ਵਿਚ, ਧਿਆਨ ਵਿਚ, ਦੀਨ ਵਿਚ, ਦਾਨ ਵਿਚ
ਸੁਖ਼ਨ ਨਿਭਾਨ ਵਿਚ, ਧਰਮ ਕਮਾਨ ਵਿਚ
ਜ਼ੁਲਮ ਮਿਟਾਨ ਵਿਚ, ਦੁਖੜੇ ਉਠਾਨ ਵਿਚ
ਵੱਡੇ ਵੱਡੇ ਮਾਨੀਆਂ ਦੇ ਮਾਨ ਵਾਲੇ ਮਾਨ ਤੋੜੇ
ਤੁਸੀਂ ਵੀ ਨਾ, ਭੋਲਿਓ ! ਰਿਹੋ ਜੇ ਕਿਸੇ ਮਾਨ ਵਿਚ

ਓਸਦਾ ਨਸ਼ਾਨਾ ਅਸਾਂ ਉੱਕਿਆ ਨਾ ਡਿੱਠਾ ਕਦੇ
ਹੈਗੇ ਕੋਈ ਇਲਾਹੀ ਅਸਰ ਓਸਦੀ ਕਮਾਨ ਵਿਚ
ਜਿਉਂਦਿਆਂ ਨੂੰ ਮਾਰਦਾ ਏ ਮਾਰ ਕੇ ਜਿਵਾਲਦਾ ਏ
ਏਹਾ ਹੈ ਸਫ਼ਾਈ ਉਹਦੇ ਤੀਰ ਦੇ ਚਲਾਨ ਵਿਚ

ਆਵੇ ਜਾਂ ਮੈਦਾਨ ਵਿਚ, ਘਾਨ ਲਾਹੇ ਆਨ ਵਿਚ
ਛੱਡਦਾ ਨਾ ਜਾਨ, ਜਾਨ ! ਦੁਸ਼ਮਣਾਂ ਦੀ ਜਾਨ ਵਿਚ
ਹੱਥ ਉਹ ਪਲੱਥੇ ਵਾਲੇ ਹੱਥੇ ਹੱਥ ਦੱਸ ਦੇਂਦਾ
ਰੋਕੇ ਉਹਦਾ ਹੱਥ ਹੁੰਦਾ ਕੋਈ ਹੀ ਜੁਆਨ ਵਿਚ

ਚਮਕਦੀ ਏ, ਦਮਕਦੀ ਏ, ਕੜਕਦੀ ਏ, ਦੜਕਦੀ ਏ
ਬਿਜਲੀ ਦਾ ਤੇਜ ਹੈ ਜੋ ਓਸਦੀ ਕ੍ਰਿਪਾਨ ਵਿਚ
ਐਥੇ-ਔਥੇ, ਜਿੱਥੇ ਕਿੱਥੇ, ਆਰ-ਪਾਰ, ਵਾਰ ਵਾਰ
ਵਾਰ ਉੱਤੇ ਵਾਰ ਹੁੰਦੇ ਕੋਈ ਇਕੋ ਆਨ ਵਿਚ
ਅਟਕਦਾ ਸੋ ਝਟਕਦਾ ਤੇ ਪਟਕਦਾ ਜ਼ਮੀਨ ਉੱਤੇ
ਫੜਕਦਾ ਨਾ ਧੜਕਦਾ ਜਾਂ ਕੜਕਦਾ ਮੈਦਾਨ ਵਿਚ
ਛੁਟਦੇ ਨੇ ਤੀਰ ਤਾਰੇ ਟੁੱਟਦੇ ਨੇ ਅੰਬਰਾਂ ਤੋਂ
ਤਿੜਕ ਤਿੜਕ ਉੱਡਦੇ ਚੰਗਿਆੜੇ ਜਿਉਂ ਦੁਕਾਨ ਵਿਚ

ਫ਼ੌਜਾਂ ਦੇ ਨਸ਼ਾਨੇ ਕੋਈ ਬਣਦੇ ਨਸ਼ਾਨੇ ਉਹਦੇ
ਹੋਵੰਦੀ ਨਾ ਖ਼ਤਾ ਉਹਦੇ ਬਾਣਾਂ ਦੇ ਨਸ਼ਾਨ ਵਿਚ
ਜਿੱਥੇ ਉਹਦੇ ਤੀਰ ਜਾਣ, ਸੀਨਿਆਂ ਨੂੰ ਚੀਰ ਜਾਣ
ਕਰ ਲੀਰੋ ਲੀਰ ਜਾਣ, ਛੱਡਣ ਨਾ ਪਰਾਨ ਵਿਚ
ਆਨ ਵਾਲੇ, ਆਨ ਛਡ, ਆਨ ਉਹਦੀ ਮੰਨ ਲੈਂਦੇ
ਆਨ ਆਨ ਝੁਕਦੇ ਨੇ ਰਹਿੰਦੇ ਨਾ ਗੁਮਾਨ ਵਿਚ
ਵਲੀਆਂ 'ਚ ਵਲੀ ਪੂਰਾ, ਯੋਧਿਆਂ 'ਚੋਂ ਯੋਧਾ ਮਾਹੀ
ਕਵੀਆਂ 'ਚੋਂ ਕਵੀ ਤੇ ਗਿਆਨੀ ਹੈ ਗਿਆਨ ਵਿਚ

ਮਾਰਦਾ ਏ, ਤਾਰਦਾ ਏ, ਸਾੜਦਾ ਏ, ਠਾਰਦਾ ਏ
ਸਭੋ ਗੁਣ ਹੈ ਜੋ ਮੇਰੀ ਇਕੋ ਕੱਲੀ ਜਾਨ ਵਿਚ

ਸਬਰ ਵਾਲੇ ਸਾਬਰਾਂ ਦੇ ਸਬਰ ਸਾਰੇ ਤੋੜ ਛੱਡੇ
ਵਧ ਗਿਆ ਏ ਸਾਰਿਆਂ ਤੋਂ ਬੱਚੜੇ ਕੁਹਾਨ ਵਿਚ
ਕੋਈ ਵਾਰ ਵਾਰ ਵਾਰੇ, ਇਕੋ ਵਾਰ ਚਾਰ ਵਾਰੇ
ਕੀਤੀ ਨਾਹੀਂ ਢਿੱਲ ਜਾਨ ਆਪਣੀ ਵੀ ਲਾਨ ਵਿਚ
ਸੁੱਖ ਛਡੇ, ਪੁੱਤ ਛਡੇ, ਤਖ਼ਤ ਛਡੇ, ਬਖ਼ਤ ਛਡੇ
ਸਭੋ ਕੁਝ ਰੋੜ੍ਹ ਦਿੱਤਾ ਸਿੱਖੀ ਦੇ ਬਚਾਨ ਵਿਚ

ਪਾਪੀਆਂ ਨੂੰ ਮਾਰਦਾ, ਲਤਾੜਦਾ, ਪਛਾੜਦਾ
ਉਜਾੜਦਾ ਤੇ ਸਾੜਦਾ ਵੰਗਾਰਦਾ ਮੈਦਾਨ ਵਿਚ
ਸੇਵਕਾਂ ਨੂੰ ਤਾਰਦਾ, ਉਭਾਰਦਾ, ਸਵਾਰਦਾ
ਪਿਆਰਦਾ, ਪੁਚਕਾਰਦਾ, ਚਿਤਾਰਦਾ, ਹਰ ਆਨ ਵਿਚ
ਤਾਰੇ ਸਾਰੇ ਤਾਰੇ ਉਹਦੇ, ਸਿੱਖ ਤਾਰੇ ਚਮਕਦੇ ਨੇ
ਆਪ ਚੰਦ ਚਮਕਦਾ ਹੈ ਸਿੱਖੀ ਅਸਮਾਨ ਵਿਚ
'ਸੀਤਲ' ਨਹੀਂ ਅਸੀਂ ਉਹਦੇ ਨਾਮ ਉਤੋਂ ਵਿਕੇ ਐਵੇਂ
ਦੱਸੋ, ਦਸਮੇਸ਼ ਜਿਹਾ ਕੌਣ ਹੈ ਜਹਾਨ ਵਿਚ ?

੧—੧੨—੩੦

# ਰੋਮ ਰੋਮ ਤੇਰੇ ਅੰਦਰ ਅਜ਼ਮਤਾਂ ਸੀ

ਲੋਕ-ਲਾਜ ਤੇ ਮਜ਼ਹਬ ਦੀ ਆਣ ਛੱਡੀ
ਅੱਲਾਹ ਵਾਲਿਆਂ ਵੇਖ ਸਫ਼ਾਈ ਤੇਰੀ
ਆਰਫ਼ ਦੀਨ, ਭੀਖਣ ਸ਼ਾਹ ਨੇ ਚਰਨ ਚੁੰਮੇ
ਕੀਤੀ ਵੱਡਿਆਂ ਜ਼ਾਹਿਰ ਵਡਿਆਈ ਤੇਰੀ
ਤੇਰੀ ਜ਼ਾਤ ਨੇ—ਸ਼ਾਮ ਜੀ !—'ਦੱਤ' ਮੋਹਿਆ
ਜਗਤ ਸੇਠ ਨੇ ਮਨਤਾ ਮਨਾਈ ਤੇਰੀ
ਭਰੀ ਗੋਦ ਤੱਕ ਕੇ 'ਮੈਣੀ' ਆਖਿਆ ਸੀ:
'ਝੱਲੀ ਜਾਊ ਨਾ ਚੰਨਾ ਜੁਦਾਈ ਤੇਰੀ'

ਨਾ ਕੁਛ ਮੈਣੀ ਦੇ ਵੱਸ, ਨਾ ਦੱਤ ਦੀ ਗੱਲ
ਮੋਹਿਆ ਗਿਆ ਜੀਹਨੇ ਸੁਣਿਆਂ ਨਾਮ ਤੇਰਾ
'ਸੈਦੇ' ਨਾਲੋਂ ਤਾਂ ਕਿਸੇ ਨਹੀਂ ਵੱਧ ਹੋਣਾ
ਦਰਸ਼ਨ ਕਰਦਿਆਂ ਹੋਇਆ ਗ਼ੁਲਾਮ ਤੇਰਾ

ਤੇਰੇ ਨੇਤਰਾਂ ਵਿਚ ਜਾਦੂ ਸੀ ਭਰਿਆ
ਤੇ ਕੁਛ ਖਿੱਚ ਸੀ ਤੇਰੀ ਜ਼ੁਬਾਨ ਅੰਦਰ
ਤੇਰੇ ਹੋ, ਤੇਰੇ ਵੈਰੀ ਲੜੇ ਵੇਖੇ
ਸਕੇ ਵੀਰਾਂ ਦੇ ਨਾਲ ਮੈਦਾਨ ਅੰਦਰ
ਜਿਉਂਦੇ ਮਾਰਨੇ, ਮੋਏ ਸੁਰਜੀਤ ਕਰਨੇ
ਅਸਰ ਵੇਖਿਆ ਤੇਰੀ ਕ੍ਰਿਪਾਨ ਅੰਦਰ
ਫੁੱਟ ਨਿਕਲਿਆ ਤੇਗ਼ ਦੀ ਧਾਰ ਵਿਚੋਂ
ਸੋਮਾਂ ਅੰਮ੍ਰਿਤ ਦਾ ਭਰੇ ਦੀਵਾਨ ਅੰਦਰ

ਕਿਸੇ ਬਾਣ ਵਾਹਿਆ, ਕਿਸੇ ਬਚਨ ਲਾਇਆ
ਦੋਹਾਂ 'ਬੱਬਿਆਂ' ਵੱਡੇ ਬਲਵਾਨ ਮਾਰੇ
ਇਕ ਨੇ 'ਸੈਦ' 'ਸਯਾਦ' ਦਾ ਭੇਦ ਚੁੱਕਿਆ
ਇਕ ਤੋਂ ਰਾਜੇ ਤੇ ਖ਼ਾਨ ਕੁਰਬਾਨ ਸਾਰੇ

ਰੋਮ ਰੋਮ ਤੇਰੇ ਅੰਦਰ ਅਜ਼ਮਤਾਂ ਸੀ
ਤੈਨੂੰ ਝੁਕੇ ਕੋਈ, ਤੇਰੀ ਤਲਵਾਰ ਨੂੰ ਕੋਈ
ਦਾਅਵੇਦਾਰ ਬਣ ਹਿੰਦ ਦੇ ਤਖ਼ਤ ਵਾਲਾ
ਸਿਜਦਾ ਕਰੇ ਪਿਆ ਤੀਰ ਦੇ ਵਾਰ ਨੂੰ ਕੋਈ
ਤਾਜ ਸਮਝ ਤ੍ਰੈਲੋਕੀ ਦੇ ਰਾਜ ਵਾਲਾ
ਮੁੜ ਮੁੜ ਚੁੰਮਦਾ ਅੱਧੀ ਦਸਤਾਰ ਨੂੰ ਕੋਈ
ਪਿਆ ਕੰਢੇ ਖਿਦਰਾਣੇ ਦੇ ਘਾਇਲ ਹੋਇਆ
ਜਾਨ ਲਬਾਂ 'ਤੇ ਸਹਿਕੇ ਦੀਦਾਰ ਨੂੰ ਕੋਈ

ਅਸਾਂ ਛੋਟਿਆਂ ਤੋਂ ਵੱਡੇ ਹੋਏ ਵੇਖੇ
ਛੁਹ ਕੇ ਪੀਰ ਜੀ ਪਲੰਘ ਦੇ ਪਾਵਿਆਂ ਨੂੰ
ਕਿਨ੍ਹਾਂ ਸਦਾ ਦਰਸ਼ਨ, ਕਿਤੇ ਲੁਕਣ ਮੀਟੀ
ਕੋਈ ਸਹਿਕਦੇ ਤੇਰੇ ਪਰਛਾਵਿਆਂ ਨੂੰ

ਤੇਰੇ ਇਕ ਇਸ਼ਾਰੇ 'ਤੇ ਵਿਕੇ ਸਾਹਿਬਾ !
ਯੋਗੀ, ਸਿੱਧ, ਤਪੱਸਿਆ ਕਰਨ ਵਾਲੇ
ਤੇਰਾ ਨਾਮ ਲੈ ਕੇ ਜੂਝੇ ਨਾਲ ਸ਼ੇਰਾਂ
ਸ਼ਕਲ ਬਿੱਲੀਆਂ ਦੀ ਵੇਖ ਡਰਨ ਵਾਲੇ
ਲੈਣ ਲੋਰੀਆਂ ਮੁਕਤੀ ਦੀ ਗੋਦ ਅੰਦਰ
ਟੋਟੇ ਹੋ ਚਮਕੌਰ ਵਿਚ ਮਰਨ ਵਾਲੇ
ਡੋਲੇ ਵੇਖ ਬਰਕਤ ਤੇਰੇ ਖ਼ੂਨ ਵਾਲੀ
ਕੰਧਾਂ ਵਿਚ ਸਰਹਿੰਦ ਦੇ ਕਰਨ ਵਾਲੇ

ਵੇਖ ਵੇਖ ਕੇ ਤੇਰੀਆਂ ਕਰਨੀਆਂ ਨੂੰ
ਜਦੋਂ ਥੱਕ ਕੇ ਬਿਰਤੀਆਂ ਸੌਂਦੀਆਂ ਨੇ
'ਸੀਤਲ' ਵਿਚ ਅਧ-ਮੀਟੀਆਂ ਅੱਖੀਆਂ ਦੇ
ਬਣ ਕੇ ਓਹਾ ਭੰਬੀਰੀਆਂ ਭੌਂਦੀਆਂ ਨੇ

੨੯—੧੨—੩੫

# ਸ਼ਹੀਦ ਗੰਜ

(ਸਿੰਘਣੀਆਂ, ਲਾਹੌਰ)

ਆਵੇ ਜਦੋਂ ਵੀ ਯਾਦ ਸ਼ਹੀਦ-ਗੰਜ ਦੀ
ਸਿੱਖੀ ਖ਼ੂੰਨ ਵਿਚ ਇਕ ਉਬਾਲ ਆਵੇ
ਦਿਲ 'ਚ ਵਲਵਲੇ ਜਾਗਰਤ ਕਰਨ ਪੈਦਾ
ਤੇ ਦਮਾਗ਼ ਦੇ ਵਿਚ ਭੁਚਾਲ ਆਵੇ
ਫਰਕ ਅਉਣ ਡੌਲੇ, ਨੇਤਰ ਅੱਗ ਡੋਲ੍ਹਣ
ਬੀਰ ਰਸ ਦਾ ਜਿਹਾ ਉਛਾਲ ਆਵੇ
ਢਾਈ ਲੱਖ ਸ਼ਹੀਦਾਂ ਦਾ ਜੱਥਾ ਜਿਸ ਦਮ
ਸਾਵ੍ਹੇਂ ਅੱਖੀਆਂ ਬੰਨ੍ਹ ਕੇ ਪਾਲ ਆਵੇ

ਹੋਵੇ ਜਲਨ ਪੈਦਾ ਸੀਨੇ ਵਿਚ ਕੋਈ
ਤੇ ਅਕਹਿ ਜਿਹਾ ਕੁਛ ਸੁਆਦ ਆਵੇ
ਲਿਸ਼ਕ ਤੇਗ਼ ਦੀ ਅਧਰਸੀ ਨੀਂਦ ਵਾਂਗੂ
ਛਿਨ 'ਚ ਭੁੱਲ ਜਾਵੇ, ਛਿਨ 'ਚ ਯਾਦ ਆਵੇ

ਸਿਦਕ ਦੇਵਤਾ ਜੀ ਮੁੜ ਮੁੜ ਦੇਣ ਦਰਸ਼ਨ
ਮੀਰ ਮੰਨੂੰ ਦੀ ਤੇਜ਼ ਤਲਵਾਰ ਵਿਚੋਂ
ਹੋਵੇ ਅਮਰ ਸ਼ਹਾਦਤ ਦੀ ਰੌ ਪੈਦਾ
ਬੇਗੁਨਾਹਾਂ ਦੇ ਖ਼ੂਨ ਦੀ ਧਾਰ ਵਿਚੋਂ
ਸਿੱਖੀ ਸਿਦਕ ਭਰੋਸੇ ਦੀ ਮਹਿਕ ਆਵੇ
ਸੋਹਣੇ ਚੰਨਾਂ ਦੇ ਫੁੱਲਾਂ ਦੇ ਹਾਰ ਵਿਚੋਂ
ਇਹ ਹੈ ਖ਼ਾਲਸੇ ਦੀ ਕਰਬਲਾ ਮਾਨੋ
ਗੂੰਜ ਆਵੰਦੀ ਅਜੇ ਦੀਵਾਰ ਵਿਚੋਂ

ਭੂਮੀ ਓਸ 'ਚੋਂ ਹੋਣ ਸਿਰਲੱਥ ਪੈਦਾ
ਜਿੱਥੇ ਖ਼ੂਨ ਸ਼ਹੀਦਾਂ ਦਾ ਡੁੱਲ੍ਹ ਜਾਵੇ
ਲੱਖਾਂ ਬਾਦਸ਼ਾਹੀਆਂ ਤੁੱਲਣ ਨਾਲ ਕਿਣਕੇ
ਇਕ ਬੂੰਦ ਦਾ ਜੇ ਕੋਈ ਮੁੱਲ ਪਾਵੇ

ਟੁਕੜੇ ਲੱਖਾਂ ਸ਼ਹੀਦਾਂ ਦੀਆਂ ਹੱਡੀਆਂ ਦੇ
ਇੱਕ ਇੱਕ ਅਮੁੱਲ ਕੋਹਨੂਰ ਸਾਡਾ
ਘੁੰਮਣ ਵਾਂਗ ਭੰਭੀਰੀ ਦੇ ਨੇਜ਼ਿਆਂ 'ਤੇ
ਕਰਨਾ ਟਾਕਰਾ ਕੀ ਮਨਸੂਰ ਸਾਡਾ
ਹੈ ਕੁਰਬਾਨੀ ਦੀ ਸ਼ਮ੍ਹਾਂ ਦੀ ਲਾਟ ਉਤੇ
ਸੜਨਾ ਵਾਂਗ ਪਤੰਗ ਮਸ਼ਹੂਰ ਸਾਡਾ
ਅੰਮ੍ਰਿਤ ਖੰਡੇ ਦਾ, ਤੇ ਗੁੜ੍ਹਤੀ ਬੀਰ ਰਸ ਦੀ
ਹਿਰਦਾ ਸਿਦਕ ਦੇ ਨਾਲ ਭਰਪੂਰ ਸਾਡਾ

ਜਿੰਨ੍ਹਾਂ ਆਰਿਆਂ ਹੇਠ ਨਾ 'ਸੀ' ਕੀਤੀ
ਜਿਹੜੇ ਚਰਖੜੀ 'ਤੇ 'ਹਾਏ' ਬੋਲਦੇ ਨਹੀਂ
ਜਿੰਨ੍ਹਾਂ ਤੇਗ਼ ਦੇ ਹੜ੍ਹਾਂ ਨੂੰ ਠੱਲ੍ਹ ਪਾਏ
ਉਹ ਹਨ੍ਹੇਰੀ ਦੇ ਬੁੱਲੇ ਤੋਂ ਡੋਲਦੇ ਨਹੀਂ

ਮਾਲਕ ਰਹਿਣ ਸ਼ਹੀਦ 'ਸ਼ਹੀਦ-ਗੰਜ' ਦੇ
ਕਬਜ਼ਾ ਗ਼ੈਰ ਦਾ ਸ਼ੇਰ ਸਹਾਰਦੇ ਨਹੀਂ
ਰੱਤ ਰੱਤ ਤੋਂ ਵਿਕੇਗੀ, ਨਕਦ ਉਹ ਵੀ
ਜਾਣੂ—ਭਾਈ ਜੀ !—ਅਸੀਂ ਉਧਾਰ ਦੇ ਨਹੀਂ
ਨਿਰਾ ਕਹਿਣ ਨਹੀਂ, ਕਰਨ ਵੀ ਜਾਣਦੇ ਹਾਂ
ਫੜ੍ਹਾਂ ਫੋਕੀਆਂ ਖ਼ਾਲਸੇ ਮਾਰਦੇ ਨਹੀਂ
ਪੁੱਤਰ ਦਸਮ ਦੇ, ਵੀਰ ਹਾਂ ਦੀਪ ਸਿੰਘ ਦੇ
ਲੱਥੇ ਸੀਸ 'ਤੇ ਵੀ ਤੇਗੋਂ ਹਾਰਦੇ ਨਹੀਂ

ਰੁਲੇ ਰੇਤ ਅੰਦਰ ਟੁਕੜੇ ਹੋ ਭਾਵੇਂ
ਕਣੀ ਇੱਕ ਵੀ ਹੀਰੇ ਦੀ ਦਮਕਦੀ ਰਹੂ
ਜਦ ਤਕ ਚੰਦ ਸੂਰਜ—ਦੋਵੇਂ—ਕਾਇਮ 'ਸੀਤਲ'
ਸ਼ਾਨ ਖ਼ਾਲਸੇ ਦੀ ਸਦਾ ਚਮਕਦੀ ਰਹੂ

੨੪—੩—੩੬

## ਸਾਕਾ ਜੈਤੋ

ਇਹ ਘਟਨਾ ਵੀਰ ਵਾਰ, ੨੧ ਫ਼ਰਵਰੀ, ੧੯੨੪ ਈ. ਨੂੰ
ਹੋਈ, ਪਹਿਲਾਂ ਦਿਨੇ ੨ ਵੱਜ ਕੇ ੪੫ ਮਿੰਟ 'ਤੇ,
ਤੇ ਫਿਰ ੨ ਵੱਜ ਕੇ ੫੫ ਮਿੰਟ 'ਤੇ ਗੋਲੀ ਚੱਲੀ।

ਗੱਡੀ ਸਿਦਕ ਭਰੋਸੇ ਦੀ ਚੜ੍ਹ ਕੇ,
ਤੁਰ ਪਏ ਜੈਤੋ ਨੂੰ।
ਸਿੰਘ ਪੰਜ ਸੌ ਗੁਰੂ ਦੇ ਪਿਆਰੇ,
ਪਾਉਣ ਚੱਲੇ ਨੇ ਸ਼ਹੀਦੀਆਂ।
ਚੋਲੇ ਕੇਸਰੀ, ਕਾਲੇ ਦਸਤਾਰੇ,
ਚਿਹਰਿਆਂ 'ਤੇ ਨੂਰ ਡਲ੍ਹਕੇ।
ਸਤਿਨਾਮ ਦੇ ਜੈਕਾਰੇ ਛੱਡਦੇ,
ਤੁਰ ਪਏ ਨੇ 'ਗੰਗਸਰ' ਨੂੰ।
ਅੱਗੋਂ ਆ ਕੇ ਇਕ ਅਫ਼ਸਰ ਆਖਦਾ
"ਠਹਿਰੋ, ਸੁਣੋ ਖ਼ਾਲਸਾ ਜੀ!

ਏਥੋਂ ਮੁੜ ਜੋ ਹੁਕਮ ਹੈ ਲਾਟ ਦਾ
ਨਹੀਂ ਤਾਂ ਗੋਲੀ ਚੱਲ ਜਾਇਗੀ।"
ਅੱਗੋਂ ਮੋੜ ਕੇ ਸੁਣਾਇਆ ਜਥੇਦਾਰ ਨੇ,
"ਸਾਨੂੰ ਕੋਈ ਨਹੀਂ ਡਰ ਮੌਤ ਦਾ।
ਅਸੀਂ ਕਰ ਕੇ ਤੁਰੇ ਅਰਦਾਸਾ,
ਘਰੋਂ ਹੀ ਸ਼ਹੀਦੀਆਂ ਦਾ।
ਅਸਾਂ ਆਗਿਆ ਪੰਥ ਦੀ ਮੰਨਣੀ
ਗੰਗਸਰ ਪੁਜਣਾ ਹੈ।"
ਏਨੀ ਆਖ ਕੇ ਅਗਾਂਹ ਨੂੰ ਤੁਰ ਪਏ,
ਵਾਹਿਗੁਰੂ ਦਾ ਜਾਪ ਕਰਦੇ।
ਕੋਈ ਹੋਰ ਵੀ ਜਥੇ ਨਾਲ ਰਲ ਪਏ
ਸਿਦਕੀ ਗੁਰੂ ਘਰ ਦੇ।
ਅੱਗੇ ਫ਼ੌਜ ਸੀ ਖਲੀ ਸਰਕਾਰੀ,
ਜਥਾ ਜਦੋਂ ਨੇੜੇ ਪੁਜਿਆ।
'ਸਾਹਿਬ' ਹੁਕਮ ਫ਼ੌਜ ਨੂੰ ਕੀਤਾ,
ਤਾੜ ਤਾੜ ਗੋਲੀ ਚੱਲ ਪਈ।
ਹੱਸ ਹੱਸ ਕੇ ਗੁਰੂ ਦੇ ਲਾਡਲੇ,
ਛਾਤੀਆਂ 'ਚ ਖਾਣ ਗੋਲੀਆਂ।
ਜੀਹਨੂੰ ਵੱਜਦੀ ਮੈਦਾਨ ਵਿਚ ਡਿੱਗਦਾ,
ਦੂਜੇ ਅਗ੍ਹਾਂ ਤੁਰੇ ਜਾਂਵਦੇ।
ਬਾਈ ਸਾਲ ਦੀ ਜੁਆਨ ਇਕ ਬੀਬੀ,
ਕੁਛੜ ਸੀ ਬਾਲ ਓਸਦੇ।
ਗੋਲੀ ਆਣਕੇ ਲੱਗੀ ਉਹਦੇ ਬਾਲ ਨੂੰ,

ਸੱਚ ਖੰਡ ਜਾ ਵੱਸਿਆ ।
ਬੀਬੀ ਘੁੱਟ ਕੇ ਕਲੇਜੇ ਲਾਇਆ,
ਮੂੰਹੋਂ, ਕਿਹਾ 'ਧੰਨ ਵਾਹਿਗੁਰੂ'।
ਲੋਥ ਪੁੱਤ ਦੀ ਜ਼ਮੀਨ ਉੱਤੇ ਰੱਖ ਕੇ,
ਕਹਿੰਦੀ "ਜਾਹ ਗੁਰਾਂ ਨੂੰ ਸੌਂਪਿਓਂ ।
ਸੋਹਣੇ ਲਾਲ ਨੇ ਸ਼ਹੀਦੀ ਪਾਈ
ਕੁੱਖ ਮੇਰੀ ਹੋਈ ਸਫਲੀ ।"
ਏਨੀ ਆਖਦੀ ਅਗਾਂ ਨੂੰ ਤੁਰ ਪਈ,
'ਸਾਹਿਬ ਦੇਵਾਂ' ਜੀ ਦੀ ਲਾਡਲੀ ।
ਮੱਥੇ ਵੱਟ ਨਹੀਂ ਕਿਸੇ ਨੇ ਪਾਇਆ,
ਜੇਰੇ ਵਾਲੀ ਹੱਦ ਮੁੱਕ ਗਈ ।
ਕੋਈ ਸੂਰਮੇ ਸ਼ਹੀਦੀਆਂ ਪਾ ਗਏ,
ਖੇਡ੍ਹ ਗਏ ਨੇ ਹੋਲੀ ਖ਼ੂੰਨ ਦੀ ।
ਜੱਸ ਨੇਕੀਆਂ ਦਾ ਗਾਉਣ ਸਾਰੇ 'ਸੀਤਲਾ'
ਧਰਮੀ ਅਨੰਤ ਮੌਜ ਨੂੰ
ਮਾਣਦਾ ! ਮਾਣਦਾ !!
ਸ਼ਕਤੀ ਅੰਮ੍ਰਿਤ ਦੀ ਜੱਗ ਜਾਣਦਾ ।

3—8—31

# ਮਹਾਂ ਪੁਰਸ਼

ਕੌਣ ਹੈਂ ਤੂੰ ?
ਦੇਵਤਾ ਨੂਰੀ ਹੈਂ !
ਜਾਂ ਇਨਸਾਨ ਹੈਂ !
ਖ਼ਾਕ ਦੇ ਪੁਤਲੇ 'ਚ
ਖੇਡ੍ਹਾਂ ਖੇਡ੍ਹਦਾ ਭਗਵਾਨ ਹੈਂ !

ਕੀ, ਗੁਰੂ ਆਖਾਂ ?
ਨਬੀ ਆਖਾਂ ?
ਰਸੂਲ-ਅੱਲਾਹ ਕਹਾਂ ?
ਚਾਹੁੰਦੈ ਦਿਲ
ਖ਼ਾਕ ਪੈਰਾਂ ਤੇਰਿਆਂ ਦੀ ਹੋ ਰਹਾਂ

ਚਰਨ ਚੁੰਮਾਂ,
ਖ਼ਾਕ ਮਸਤਕ 'ਤੇ ਲਗਾਵਾਂ,
ਦਿਲ ਠਰੇ ।
ਮੇਰਿਆਂ ਨੈਣਾਂ 'ਚ ਵਸਦਾ ਰਹੁ ਸਦਾ,
ਅੱਲਾਹ ਕਰੇ ।

ਤੂੰ ਖ਼ੁਦਾ ਹੈਂ
ਜੇ ਨਹੀਂ, ਤਾਂ ਫਿਰ ਖ਼ੁਦਾ ਦਾ ਯਾਰ ਹੈਂ
'ਸੀਤਲਾ' ਤੂੰ ਕੁਝ ਵੀ ਹੋਵੇਂ,
ਪਰ ਮੇਰੀ ਸਰਕਾਰ ਹੈਂ ।

੧੩—੧੦—੩੫

# ਝਨਾਂ ਤੇ ਰਾਵੀ

ਲੋਕੀਂ ਸਾਰੇ ਕਹਿਣ ਝਨਾਂ ਨੂੰ
ਇਹ ਦਰਿਆ ਇਸ਼ਕ ਦਾ ਵਹਿੰਦਾ
ਲਹਿਰਾਂ ਨਾਲ ਲੜੇ ਪਈ ਸੋਹਣੀ
ਮਹੀਂਵਾਲ ਕੰਢੇ ਨਾਲ ਖਹਿੰਦਾ
ਤਰਦੀ ਹੀਰ ਇਸ਼ਕ ਦੀ ਬੇੜੀ
ਰਾਂਝਾ ਮੱਲ ਪੱਤਣ ਨੂੰ ਬਹਿੰਦਾ
ਇਕਧਰ ਬੈਠ ਜਲਾਲੀ ਰੋਵੇ
ਮਿਰਜ਼ਾ ਦੁਖ ਸਾਹਿਬਾਂ ਦੇ ਸਹਿੰਦਾ
ਏਧਰ ਇਸ਼ਕ ਮੁਆਤੇ ਲਾਏ
ਲੰਬੂ ਬਲਨ ਝਨਾਂ ਦੇ ਅੰਦਰ
ਓਧਰ ਰਾਵੀ ਗੁਰ ਅਰਜਨ ਦੇ
ਚਰਨ ਵਸਾਏ ਹਿਰਦੇ-ਮੰਦਰ
ਅਰਸ਼ੀ ਬਿਜਲੀ ਦੇ ਚੰਗਿਆੜੇ
ਰੂਹਾਂ ਬਣ ਧਰਤੀ 'ਤੇ ਆਈਆਂ
ਮਨਮਤ, ਦ੍ਵੈਤ, ਤਅੱਸਬ ਮਜ਼੍ਹਬੀ
ਵੱਟਾਂ, ਬੰਨੇ, ਕੰਧਾਂ ਢਾਹੀਆਂ
ਜ਼ੁਲਮਾਂ ਦੇ ਜਦ ਬੱਦਲ ਛਾਏ
ਫੈਲ ਗਈ ਅਗਿਆਨ ਹਨ੍ਹੇਰੀ
ਰਾਵੀ ਦੇ ਸਿਦਕੀ ਦਿਲ ਅੰਦਰ
ਵਾਂਗ ਅਮਾਨ ਅਨੰਤ ਸਮਾਈਆਂ

੧੭—੯—੩੯

## ਕਲਮ

ਸਦਕੇ ਐ ਕਲਮ ਲਿਖਾਰੀ ਦੀ
ਤੂੰ ਨਿੱਤ-ਜੀਵਨ ਦੀ ਦਾਤੀ ਏਂ
ਛੁਹ ਛੁਹ ਸੁਰਜੀਤ ਕਰੀ ਜਾਵੇਂ
ਤੂੰ ਅੰਮ੍ਰਿਤ ਪਾਰਸ ਜਾਤੀ ਏਂ
ਸਦੀਆਂ ਦੇ ਡੁੱਬੇ ਤਾਰੇ ਨੂੰ
ਦੁਨੀਆਂ ਦਾ ਸੂਰਜ ਕਰ ਦੇਵੇਂ
ਮਿੱਟੀ ਵਿਚ ਰੁਲਦੇ ਮੋਤੀ ਨੂੰ
ਇਤਿਹਾਸ ਦੇ ਪੰਨੇ ਧਰ ਦੇਵੇਂ
ਦੋ ਵਿੰਗੀਆਂ ਸਿੱਧੀਆਂ ਸਤਰਾਂ ਵਿਚ
ਕਢਦੀ ਜੇ ਜੌਹਰ ਨਾ ਅੰਦਰ ਦਾ
ਕੋਈ ਅੱਜ ਵਿਚ ਜ਼ਮਾਨੇ ਦੇ
ਲੈਂਦਾ ਨਾ ਨਾਮ ਸਕੰਦਰ ਦਾ
ਅਕਬਰ ਤੇ ਦਾਰਾ, ਅਫ਼ਲਾਤੂੰ
ਜੰਮਦੇ ਤੇ ਜੰਮ ਕੇ ਮਰ ਜਾਂਦੇ
ਸੰਸਾਰ ਮੁਸਾਫ਼ਰ ਖ਼ਾਨੇ 'ਚੋਂ
ਰਾਹੀਆਂ ਦੇ ਵਾਂਗ ਗੁਜ਼ਰ ਜਾਂਦੇ
ਤੇਰੇ ਸਦਕਾ ਅਜ ਜਿਉਂਦੇ ਨੇ
ਹੋ ਗੁਜ਼ਰੇ ਕਿਸੇ ਜ਼ਮਾਨੇ ਦੇ
ਕੌਮਾਂ ਦੀ ਇੱਜ਼ਤ ਥਾਪ ਦੇਵੇਂ
ਕਈਆਂ ਨੂੰ ਨਾਲ ਬਹਾਨੇ ਦੇ
ਜੰਮਣ ਜੋ ਘਰੀਂ ਗ਼ਰੀਬਾਂ ਦੇ
ਦੁਨੀਆਂ ਦੀ ਸ਼ਾਨ ਬਣਾ ਦੇਵੇਂ
'ਕਾਲੀ' ਤੇ 'ਸ਼ੈਕਸਪੀਅਰ' ਨੂੰ

ਨਾਟਕ ਦੇ ਤਖ਼ਤ ਬਹਾ ਦੇਵੇਂ
ਕਈਆਂ ਤਾਂ ਮਿਹਨਤ ਕਰ ਕਰ ਕੇ
ਅਮਰਾਪਦ ਤੈਥੋਂ ਪਾਇਆ ਏ
ਉਹਨਾਂ ਦੇ ਰਾਹੀਂ ਕਈਆਂ ਨੇ
ਨਾਂ ਰੋਸ਼ਨ ਜਗ ਕਰਵਾਇਆ ਏ
ਜਿਸ 'ਤੇ ਤੂੰ ਮਿਹਰਾਂ ਕਰ ਦੇਵੇਂ
ਦੁਨੀਆਂ ਦਾ ਚੰਦ ਬਣਾ ਦੇਵੇਂ
ਪਹਿਲਾਂ ਤੂੰ 'ਕ੍ਰਿਸ਼ਨ-ਮੁਰਾਰੀ' ਤੋਂ
ਰਾਧਾਂ ਦਾ ਨਾਮ ਜਪਾ ਦੇਵੇਂ
ਭੁੱਲੀ ਹੋਈ ਹੀਰ ਜਟੇਟੀ ਨੂੰ
ਅਰਸ਼ਾਂ ਦੀ ਹੂਰ ਬਣਾ ਦੇਵੇਂ
ਮੁੰਡਾ ਉਹ ਤਖ਼ਤ ਹਜ਼ਾਰੇ ਦਾ
ਸ਼ੁਹਰਤ ਦੇ ਤਖ਼ਤ ਬਿਠਾ ਦੇਵੇਂ
ਕੀ ਗੱਲ ਮਾਮੂਲੀ ਮਿਰਜ਼ੇ ਦੀ ?
ਜੀਵਨ ਉਸਦਾ ਕੀ ਦਸਦਾ ਏ ?
ਲੰਮੇ ਦੇ ਹਰ ਇਕ ਵਾਸੀ ਦੇ
ਜੋ ਦਿਲ ਦੇ ਅੰਦਰ ਵਸਦਾ ਏ
ਬਹੁਤਾ ਕੀ ਆਖਾਂ ? ਮਿੱਟੀ-ਦਾ ਮਾਧੋ
ਤੇਰੇ ਮੂੰਹ ਚੜ੍ਹ ਜਾਵੇ
ਓਹਾ ਬੁਕਰਾਤ ਸੁਲੇਮਾਂ ਦੀ
ਮਜਲਸ ਦੇ ਅੰਦਰ ਵੜ ਜਾਵੇ
ਅਰਜਨ ਦੇ ਬਾਣ ਮੁਖੀ ਵੱਲੋਂ
ਕਰਦੇ ਸਨ ਘਾਇਲ, ਸੁਣੀ ਦੇ ਨੇ
ਤੈਨੂੰ ਦੋ ਪਾਸੀਂ ਛੁਹੰਦੇ ਜੋ
'ਸੀਤਲ' ਜੀ ਅਮਰ ਸੁ ਥੀਂਦੇ ਨੇ

੧੫—੨—੩੪

## ਬੱਚੇ ਨੂੰ

੧. ਓ ਮੇਰੇ ਨੈਣਾਂ ਦੇ ਤਾਰੇ !
ਆ ਤੈਨੂੰ ਕੁਛ ਯਾਦ ਕਰਾਵਾਂ
ਬਚਪਨ ਦੀਆਂ ਰਮਜ਼ਾਂ ਸਮਝਾਵਾਂ
ਜਦ ਸੈਂ ਤੂੰ ਇਕ ਬਾਲ ਅੰਞਾਣਾ
ਭੋਲਾ ਭਾਲਾ ਬੀਬਾ ਰਾਣਾ
ਤੇਰੇ ਫੁੱਲ ਮੁਖੜੇ ਨੂੰ ਤਕ ਤਕ
ਖ਼ੁਸ਼ ਹੁੰਦੇ ਸਨ ਘਰ ਦੇ ਸਾਰੇ

੨. ਤੇਰੇ ਨਾਲ ਫ਼ਰਿਸ਼ਤੇ ਹਸਦੇ
ਨਿਗ੍ਹਾ ਤੇਰੀ 'ਚੋਂ ਅੰਮ੍ਰਿਤ ਬਰਸੇ
ਮੁਸਕਰਾਹਟ ਨੂੰ ਦੁਨੀਆਂ ਤਰਸੇ
ਜਦ ਹੱਸੇਂ ਤੂੰ ਸੁਪਨੇ ਅੰਦਰ
ਉਸਰਨ ਪਏ ਆਸਾਂ ਦੇ ਮੰਦਰ
ਦੋ ਯਾਕੂਤੀ ਬੁੱਲ੍ਹੀਆਂ ਦੇ ਵਿਚ
ਦੋ ਜਿੰਦਾਂ ਦੇ ਪ੍ਰਾਣ ਨੇ ਵਸਦੇ

੩. ਉਹ ਦਿਨ ਮੈਨੂੰ ਯਾਦ ਜਾਂ ਆਵੇ
ਜਦ ਮੈਂ ਸੰਗਦੇ ਸੰਗਦੇ ਆ ਕੇ
ਮੁਖ ਤੇਰੇ ਤੋਂ ਪੱਲਾ ਚਾ ਕੇ
ਬੂਹੇ ਵੱਲੇ ਝਾਤੀ ਪਾਏ
ਬੁੱਲ੍ਹੀਆਂ ਦੇ ਨਾਲ ਬੁੱਲ੍ਹ ਛੁਹਾਏ
ਚਾਅ ਮੇਰੇ ਸੁੱਤੇ ਹੋਏ ਜਾਗੇ
ਰੂਹ ਨੂੰ ਮਸਤੀ ਚੜ੍ਹਦੀ ਜਾਵੇ

੪. ਭੂਆ ਤੇਰੀ ਚੁੱਕ ਲਿਆਉਣਾ
ਉਸ ਫੜਾਉਣਾ, ਮੈਂ ਨਾ ਫੜਨਾ
ਦੋਹਾਂ ਹਾਸੇ-ਭਾਣੇ ਲੜਨਾ
ਓਧਰ ਆਪ ਹੋਰਾਂ ਰੋ ਪੈਣਾ
ਮੇਰੇ ਨਾਲ ਖ਼ਫ਼ਾ ਹੋ ਪੈਣਾ
ਮਾਂ ਤੇਰੀ ਨੇ ਲੋਰੀਆਂ ਦੇ ਦੇ
ਮਸਾਂ ਮਸਾਂ ਜਹਿ ਚੁੱਪ ਕਰਾਉਣਾ

੫. ਦਿੱਤਾ ਤੈਨੂੰ ਪ੍ਰੇਮ ਉਧਾਰਾ
ਵੇਖ ਚੰਨਾ ! ਬਾਬਲ ਦੀ ਯਾਰੀ
ਅਪਣੀ ਪਿਆਰੀ ਤੈਥੋਂ ਵਾਰੀ
ਤੇਰੇ ਜਾਗਣ ਦਾ ਪੱਜ ਲਾ ਕੇ
ਭੱਜ ਜਾਣਾ ਉਸ ਬਾਂਹ ਛੁਡਾ ਕੇ
ਫਿਰ ਵੀ ਵਿੱਥ ਨਾ ਦਿਲ ਵਿਚ ਪੈਣੀ
ਕਿੰਨਾਂ ਲੱਗਦੈਂ ਸਾਂਨੂੰ ਪਿਆਰਾ

੬. ਜਿਸ ਮੁਟਿਆਰ ਨੇ ਮੇਰੇ ਬਦਲੇ
ਰੋਂਦੇ ਛੱਡੇ ਭੈਣਾਂ, ਭਾਈ
ਪੇਕਿਆਂ ਦੀ ਜੂਹ ਦਿਲੋਂ ਭੁਲਾਈ
ਅਪਣੀ ਦੁਨੀਆਂ ਨਵੀਂ ਵਸਾ ਕੇ
ਪਰਚ ਗਈ ਗੰਢ ਪ੍ਰੀਤ ਦੀ ਪਾ ਕੇ
ਉਸਨੂੰ ਤੂੰ ਮੈਥੋਂ ਖੋਹ ਖੜਿਆ
ਮੈਨੂੰ ਭੁੱਲ ਗਈ ਤੇਰੇ ਬਦਲੇ

੭. ਉਸ ਦੇਵੀ ਦੀ ਤਕ ਕੁਰਬਾਨੀ
ਜਿਸ ਸੱਧਰਾਂ ਦੀ ਗੋਦ ਖਿਡਾਇਆ

ਤੈਥੋਂ ਅਪਣਾ ਨੂਰ ਲੁਟਾਇਆ
ਜੋਬਨ ਦੇ ਚਾ ਤੈਥੋਂ ਵਾਰੇ
ਮੰਨੇ ਤੇਰੇ ਕੁੱਲ ਇਸ਼ਾਰੇ
ਆਪ ਬੁਢਾਪਾ ਧਾਰਨ ਕੀਤਾ
ਤੈਨੂੰ ਬਖ਼ਸ਼ੇ ਹੁਸਨ ਜੁਆਨੀ

੮. ਨੌਕਰ ਤੇਰਾ ਕੁੱਲ ਜ਼ਮਾਨਾ
ਤੇਰਾ ਹੁਕਮ ਖ਼ੁਦਾ ਵੀ ਮੰਨੇ
ਤੂੰ ਮੰਨੇ, ਤਾਂ ਠਾਕਰ ਮੰਨੇ
ਤੈਨੂੰ ਸ਼ਾਹ ਸ਼ਾਹਾਂ ਦਾ ਕਹਿੰਦੇ
ਵਲੀ ਵੀ ਤੇਰੇ ਹੋ ਕੇ ਰਹਿੰਦੇ
ਤੇਰੀ ਸਖ਼ਤ ਹਕੂਮਤ ਅੰਦਰ
ਨਹੀਂ ਸੁਣੀਂਦਾ ਉਜ਼ਰ-ਬਹਾਨਾ

੯. ਤੇਰਾ ਸਾਡਾ ਪ੍ਰੇਮ ਨਿਰਾਲਾ
'ਸੀਤਲ' ਹੋਰ ਕਿਵੇਂ ਸਮਝਾਵਾਂ ?
ਦਿਲ ਦੀ ਖੁਹਲ ਕਤਾਬ ਵਿਖਾਵਾਂ
ਬਦਲੇਗੀ ਜਦ ਦੁਨੀਆਂ ਤੇਰੀ
ਸਮਝ ਲਵੇਂਗਾ ਇਹ ਗੱਲ ਮੇਰੀ
ਜਦ ਤੇਰੇ ਘਰ, ਤੇਰੇ ਵਰਗਾ
ਹੋ ਪਵੇਗਾ ਸਮਝਾਵਣ ਵਾਲਾ

੩੦—੧੧—੪੦

## ਹੰਝੂ

ਦਿਲੋਂ ਵਲਵਲਾ ਉਠ ਉਬਾਲ ਵਾਂਗੂ
ਚੜ੍ਹ ਦਮਾਗ਼ ਦੇ ਤਖ਼ਤ 'ਤੇ ਬਹਿ ਜਾਂਦਾ
ਬ੍ਰਿਹੋਂ ਅਗਨ ਨਾ ਓਥੇ ਵੀ ਟਿਕਣ ਦੇਂਦੀ
ਪਾਣੀ ਹੋ ਅੱਖਾਂ ਵੱਲੇ ਵਹਿ ਜਾਂਦਾ
ਦਿਲੀ ਹਸਰਤਾਂ ਵਾਂਗ ਨਾ ਨੈਣ ਛੱਡਣ
ਨਾਲ ਝਿੰਮਣੀਆਂ ਅਟਕਿਆ ਰਹਿ ਜਾਂਦਾ
ਜਿਵੇਂ ਕੋਈ ਪਿਆਰੇ ਦਾ ਆਉਣ ਸੁਣ ਕੇ
ਬੂਹਾ ਖੁਹਲ ਦਲ੍ਹੀਜ 'ਤੇ ਬਹਿ ਜਾਂਦਾ
ਮਾਨੋ ਕਿਸੇ ਦੇ ਮਿਲਨ ਲਈ ਅਹੁਲ ਕੇ ਕੋਈ
ਕਿਸੇ ਗੱਲ ਤੋਂ ਅੜਕ ਕੇ ਰਹਿ ਜਾਂਦਾ
ਜਿਵੇਂ ਪੌਣ ਨਾਲ ਰੁੱਸ ਕੇ ਤ੍ਰੇਲ-ਤੁਪਕਾ
ਕਿਸੇ ਫੁੱਲ 'ਤੇ ਮੰਨ ਕੇ ਬਹਿ ਜਾਂਦਾ
ਮੋਤੀ ਟੁੱਟ ਕੇ ਕਿਸੇ ਦੀ ਦਾਉਣੀ ਦਾ
ਕੇਸਾਂ ਵਿਚ ਹੀ ਉਲਝਿਆ ਰਹਿ ਜਾਂਦਾ
'ਸੀਤਲ' ਕਿਸੇ ਦੇ ਬ੍ਰਿਹੋਂ ਦਾ ਸਾੜ ਸਾਰਾ
ਹੰਝੂ ਇਕ ਮਲੂਕੜਾ ਸਹਿ ਜਾਂਦਾ

੫—੧੦—੩੦

## ਡੋਲੀ ਆਈ

੧. ਕੁੜੀਆਂ ਮੁੰਡਿਆਂ ਰੌਲਾ ਪਾਇਆ
ਨੱਢੀਆਂ ਦਾ ਵੀ ਜੀ ਹੁਲਸਾਇਆ
ਵਹੁਟੀ ਵੇਖਣ ਨੂੰ ਮੁਟਿਆਰਾਂ
ਸਿਰ 'ਤੇ ਲੈ ਸਗਨਾਂ ਦੇ ਸਾਲੂ
ਸੱਥ ਅੰਦਰ ਆ ਰੌਣਕ ਲਾਈ

੨. ਡੋਲੀ ਅੰਦਰ ਹੁਸਨ ਛੁਪਾਇਆ
ਬਾਗ਼ਾਂ ਦੇ ਵਿਚ ਫੁੱਲ ਲੁਕਾਇਆ
ਗੋਰਾ ਮੁਖੜਾ, ਨੈਣ ਸ਼ਰਬਤੀ
ਕੀਤੇ ਕੈਦ ਪਰਦਿਆਂ ਅੰਦਰ
ਬੈਠੀ ਏ ਕੁਦਰਤ ਸ਼ਰਮਾਈ

੩. ਇਕ ਬੁਢੜੀ ਜਹੀ ਕੋਲੇ ਬਹਿ ਕੇ
"ਐਧਰ ਆਓ, ਕੁੜੀਓ !" ਕਹਿ ਕੇ
ਜਾਂ ਡੋਲੀ ਦਾ ਪੱਲਾ ਚਾਇਆ
ਚਾਂਵਾਂ ਭਰੀ, ਧੜਕਦੀ ਮੂਰਤ
ਚੰਦ ਦੀ ਟੁਕੜੀ ਨਜ਼ਰੀਂ ਆਈ

੪. "ਵਹੁਟੀ ਤਾਂ ਹੈ ਡਾਢੀ ਸੋਹਣੀ
ਗੋਰੀ-ਚਿੱਟੀ ਤੇ ਮਨ-ਮੋਹਣੀ
ਨਜ਼ਰਾਂ ਨਾ ਲੱਗ ਜਾਵਣ ਕਿਧਰੇ !"
ਭੋਇੰ ਤੋਂ ਲਾ ਉਂਗਲ ਨੂੰ ਮਿੱਟੀ
ਮੱਥੇ ਦੇ ਵਿਚ ਬਿੰਦੀ ਲਾਈ

੫. ਝੁਰਮਟ ਪਾਇਆ ਸੱਜੇ ਖੱਬੇ
ਵਾਰੋ ਵਾਰੀ ਤੱਕਣ ਸੱਭੇ

ਜਿਉਂ ਜਿਉਂ ਕੁੜੀਆਂ ਝਾਤੀ ਮਾਰਨ
ਤਿਉਂ ਤਿਉਂ ਉਹ ਸ਼ਰਮਾਕਲ ਨਾਰੀ
ਘੁੰਡ ਵਿਚ ਜੋਬਨ ਜਾਏ ਲੁਕਾਈ

੬. ਸ਼ੋਖ਼ ਜਹੀ ਇਕ ਨੇੜੇ ਆ ਕੇ
ਵੇਖ ਕੇ ਬੋਲੀ ਨੱਕ ਚੜ੍ਹਾ ਕੇ
"ਵੇਖ ਲਈ ਏ ਫੂਲਾਂ-ਰਾਣੀ
ਸਾਡੇ ਨਾਲੋਂ ਚੰਗੀ ਕਿਧਰੋਂ ?
ਇਹ ਕੋਈ ਪਰੀ ਸਵਰਗੋਂ ਆਈ।"

੭. ਇਹ ਸੁਣ ਉਸਨੂੰ ਮੁੜ੍ਹਕਾ ਆਇਆ
ਸ਼ਰਮ ਨਾਲ ਜੋਬਨ ਕੁਮਲਾਇਆ
ਚਮਕ ਪਈਆਂ ਮੁਖੜੇ 'ਤੇ ਬੂੰਦਾਂ
ਜਿਉਂ ਫੁੱਲਾਂ 'ਤੇ ਤ੍ਰੇਲ ਦੇ ਤੁਪਕੇ
ਜਾਂ ਹੰਸਾਂ ਲਈ ਚੋਗ ਖਿੰਡਾਈ

੮. ਦਿੱਤਾ ਕੋਲੋਂ ਸੱਸ ਦਿਲਾਸਾ
"ਬਹੁ ਨੀ ਕੁੜੀਏ ? ਇਹ ਕੀ ਹਾਸਾ ?
ਨੋਂਹ ਰਾਣੀ ਤਾਂ ਚੰਨੋ ਸੋਹਣੀ
ਤੱਕਿਆਂ ਵੀ ਪਈ ਮੈਲੀ ਹੋਵੇ।"
ਇਹ ਸੁਣ ਕੇ ਉਹ ਵੀ ਮੁਸਕਾਈ

੯. ਕੋਲ ਖਲਾ ਇਕ ਛੈਲ ਗੁਮਾਨੀ
ਓਧਰ ਘੁੰਡ ਵਿਚ ਕੈਦ ਜਵਾਨੀ
ਦਿਲ ਦੋਹਾਂ ਦੇ ਕੱਠੇ ਧੜਕੇ
ਵਾ ਨਾਲ ਜ਼ਰਾ ਕੁ ਹਿੱਲਕੇ ਕੰਨੀ
ਛਾਪ ਡੋਲੀ 'ਚੋਂ ਨਜ਼ਰੀਂ ਆਈ

ਡੋਲੀ ਆਈ ਡੋਲੀ ਆਈ

੬—੧੨—੪੦

## ਸ਼ਾਮ

ਸਾਰਾ ਸਾਰਾ ਦਿਨ ਹੈ ਉਡੀਕ ਵਿਚ ਲੰਘ ਜਾਂਦਾ
ਤਦੋਂ ਕਿਤੇ ਮਸ੍ਹਾਂ ਦਰਸ ਦੇਂਦੀ ਏ ਪਿਆਰੀ ਸ਼ਾਮ
ਸੂਰਜ ਤੋਂ ਡਰਦੀ ਨਾ ਸਾਰਾ ਦਿਨ ਬਾਹਰ ਆਵੇ
ਅੰਦਰੇ ਹੀ ਬੈਠੀ ਲੁਕੀ ਰਹਿੰਦੀ ਏ ਵਿਚਾਰੀ ਸ਼ਾਮ
ਰਾਤੀਂ ਚੰਦ ਤਾਰਿਆਂ ਤੋਂ ਲੁਕ ਲੁਕ ਨੱਸਦੀ ਏ
ਓਹਲੇ ਓਹਲੇ ਕੱਟਦੀ ਏ ਰਾਤ ਸਾਰੀ ਸਾਰੀ ਸ਼ਾਮ
ਸੂਰਜ ਤੇ ਚੰਦ ਦੇ ਨਾ ਸਾਮ੍ਹਣੇ ਦੀ ਲੰਘਦੀ ਏ
ਦਿਉਰ ਜੇਠ ਕੋਲੋਂ ਲੁਕੀ ਰਹਿੰਦੀ ਏ ਕੁਆਰੀ ਸ਼ਾਮ
ਸਾਰਿਆਂ ਤੋਂ ਚੋਰੀ ਚੋਰੀ ਬਣ ਠਣ ਆਵੰਦੀ ਏ
ਅੱਠੀਂ ਪਹਿਰੀਂ ਪਾਵੰਦੀ ਏ ਫੇਰੀ ਇਕ ਵਾਰੀ ਸ਼ਾਮ
ਸੂਰਜ ਦੇ ਡੁੱਬਦੇ ਹੀ ਨਾਲ ਨਿਕਲ ਆਵੰਦੀ ਏ
ਪਹਿਲਾਂ ਤੋਂ ਹੀ ਜਿਵੇਂ ਕੀਤੀ ਹੁੰਦੀ ਏ ਤਿਆਰੀ ਸ਼ਾਮ
ਲਹਿੰਦੇ ਵਿਚ ਨੀਲੇ ਨੀਲੇ ਅੰਬਰਾਂ 'ਚ ਜਾਏ ਲੁਕੇ
ਲਾਲ ਲਾਲ ਚੁੰਨੀ ਲੈ ਕੇ, ਮਾਰ ਕੇ ਉਡਾਰੀ ਸ਼ਾਮ
ਆਖਦੇ ਨੇ ਲੋਕੀਂ, ਅੱਗ ਬੱਦਲਾਂ ਨੂੰ ਲੱਗ ਰਹੀ ਏ
ਪਾਈ ਹੋਈ ਖਿਲਾਰ ਕੇ ਹੈ ਸਾੜ੍ਹੀ ਗੁਲਾਨਾਰੀ ਸ਼ਾਮ
ਓਸਦੇ ਦੁਪੱਟੇ ਦੀਆਂ ਉੱਡ ਰਹੀਆਂ ਕੰਨੀਆਂ ਨੇ
ਨੀਲੇ ਨੀਲੇ ਅੰਬਰਾਂ 'ਚ ਲਾਲ ਲਾਲ ਧਾਰੀ ਸ਼ਾਮ
ਕਿਨ੍ਹਾਂ ਵਡ-ਭਾਗਿਆਂ ਨਾਂ ਹੋਲੀ ਪਈ ਖੇਡ੍ਹਦੀ ਏ
ਸੂਹੇ ਰੰਗ ਵਿਚੋਂ ਭਰ ਭਰ ਪਚਕਾਰੀ ਸ਼ਾਮ

ਕਿਨ੍ਹਾਂ ਸਾਂਈਂ-ਵਾਲਿਆਂ ਦੇ ਗਲਾਂ ਵਿਚ ਪਾਵੰਦੀ ਏ
ਲਾਲੀਆਂ ਦੇ ਹਾਰ ਫੁੱਲ ਸੁਟਦੀ ਚਨਾਰੀ ਸ਼ਾਮ
ਨਹੀਂ ਉਇ! ਇਹ ਤਾਂ ਖੁੱਲ੍ਹੇ ਕਾਲੇ ਕੇਸਾਂ 'ਚੋਂ ਵਿਖਾਵੰਦੀ ਏ
ਕੁੜਤੇ ਦੇ ਗਲਮੇ ਦੇ ਗੋਟਾ ਤੇ ਕਨਾਰੀ ਸ਼ਾਮ
ਉਂਹੂ! ਇਹ ਤਾਂ ਗੁਲੂਬੰਦ ਮੋਢੇ 'ਤੇ ਖਿਲਾਰਿਆ ਸੂ
ਨੀਲੀ ਨੀਲੀ ਭੋਏਂ ਵਿਚ ਲਾਲ ਲਾਲ ਧਾਰੀ ਸ਼ਾਮ
ਨਹੀਂ ਜੀ! ਇਹ ਤਾਂ ਹੱਸ ਹੱਸ ਚਿਹਰਾ ਇਹਦਾ ਲਾਲ ਹੋਇਆ
ਓਸੇ ਦੀ ਹੀ ਚਾਨਣੀ ਹੈ ਜੱਗ 'ਤੇ ਖਿਲਾਰੀ ਸ਼ਾਮ
ਏਸੇ ਦੀ ਹੀ ਸੁੰਦਰਤਾ ਤੋਂ ਜੱਗ ਸਾਰੇ ਰੂਪ ਲਿਆ
ਸੁੰਦਰ ਅਪਾਰ ਬਾਂਕੀ ਛੈਲ ਮੁਟਿਆਰੀ ਸ਼ਾਮ
ਇੰਦਰ ਅਖਾੜੇ ਦੀ ਅਪੱਛਰਾਂ ਇਹ—ਸੱਚ ਜਾਣੋ
ਉਰਵਸ਼ੀ ਤੇ ਮੇਨਕਾ ਦੇ ਨਾਲ ਦੀ ਪਿਆਰੀ ਸ਼ਾਮ
ਸੁੰਦ੍ਰਤਾ ਦੀ ਦੇਵੀ, ਜਾਂ ਇਹ ਹੂਰ ਹੈ ਬਹਿਸ਼ਤ ਵਿਚੋਂ
ਮਾਤਲੋਕ ਵਿਚ ਆਈ ਸੁਰਗ-ਦੁਆਰੀ ਸ਼ਾਮ
ਆਉਂਦੀ ਆਉਂਦੀ ਲੰਘ ਜਾਂਦੀ, ਝੱਟ ਬਿੰਦ ਠਹਿਰਦੀ ਨਾ
ਜਾਂਦੀ ਤਿੱਖੀ ਚਾਲ, ਮਾਨੋ ਪੌਣ ਦੀ ਸਵਾਰੀ ਸ਼ਾਮ
ਲਹਿੰਦੇ ਵੱਲ ਖਿੱਚੀਦੀ ਹੈ ਜਾਂਦੀ ਕਿਸੇ ਖਿੱਚ ਵਿਚ
ਫਿਰੇ ਕੀਹਦੀ ਭਾਲ ਵਿਚ ? ਭਟਕਦੀ ਵਿਚਾਰੀ ਸ਼ਾਮ
ਜੀਹਨੂੰ ਫਿਰੇ ਲੱਭਦੀ, ਉਹ ਲੱਭਦਾ ਨਾ—ਰੱਬ ਜਾਣੇ—
ਅੱਠੀਂ-ਪਹਿਰੀਂ ਗਾਹ ਮਾਰੇ ਨਿੱਤ ਦੁਨੀਂ ਸਾਰੀ ਸ਼ਾਮ
ਆਪ ਨੂੰ ਤਾਂ ਭਟਕਦੀ ਨੂੰ ਚੈਨ ਨਹੀਂ ਸੂ ਆਵੰਦਾ, ਤੇ
ਸਾਨੂੰ ਐਵੇਂ ਲਾ ਛਡੀ ਸੂ ਚੇਟਕ-ਕਟਾਰੀ, ਸ਼ਾਮ
'ਕੇਰਾਂ ਕਿਤੇ ਮੁੱਖੜਾ ਵਿਖਾ ਕੇ ਫੇਰ ਨੱਸ ਜਾਂਦੀ
ਸਾਨੂੰ ਚੇਤੇ ਆਉਂਦੀ ਰਹਿੰਦੀ ਰਾਤ ਸਾਰੀ ਸਾਰੀ ਸ਼ਾਮ

ਝਾਤ ਕਰ, ਰਾਤ ਦੇ ਹਨ੍ਹੇਰੇ ਵਿਚ ਲੋਪ ਹੋਵੇ
ਝਾਤ ਕਾਹਦੀ ? ਗਲੇ ਉੱਤੇ ਫੇਰ ਜਾਂਦੀ ਆਰੀ, ਸ਼ਾਮ
ਸਦਾ ਮੁਸਕਾਂਦੀ ਰਹਿੰਦੀ, ਕਾਤੀਆਂ ਚਲਾਂਦੀ ਰਹਿੰਦੀ
ਸਾਡੇ ਲਈ ਖ਼ੁਹਲ ਛੱਡੀ ਦੁੱਖਾਂ ਦੀ ਪਟਾਰੀ, ਸ਼ਾਮ
ਵੇਖ ਵੇਖ ਹੱਸਦੀ ਏ, ਨੂਰ ਵਾਂਗ ਵੱਸਦੀ ਏ
ਦਿਲ ਦੀ ਨਾ ਦੱਸਦੀ ਦੇ ਘੁੰਡੀ ਟੂਣੇਹਾਰੀ ਸ਼ਾਮ
ਅੰਬਰਾਂ 'ਤੇ ਰਹਿਣ ਵਾਲੀ ਨਾਲ ਕੀ ਅਸਾਡਾ ਮੇਲ ?
ਤਦੇ ਹੀ ਤਾਂ ਰਹਿੰਦੀ ਏ ਨਿਆਰੀ ਦੀ ਨਿਆਰੀ ਸ਼ਾਮ
ਬੱਦਲਾਂ ਦੇ ਉਹਲੇ ਲੁਕ ਲੁਕ ਝਾਤਾਂ ਮਾਰਦੀ ਏ
ਸੱਜ-ਮੁਕਲਾਈ ਵੇਖੇ ਘੁੰਡ ਵਿਚੋਂ ਨਾਰੀ ਸ਼ਾਮ
ਤਾਰਿਆਂ ਦੇ ਵਾਂਗ ਉਹਦੇ ਚਮਕਦੇ ਨੇ ਸ਼ੋਖ ਨੈਣ
ਨਿੰਮ੍ਹੀ ਨਿੰਮ੍ਹੀ ਚਾਨਣੀ 'ਚ ਦੇਵੇ ਜਾਂ ਦੀਦਾਰੀ ਸ਼ਾਮ
ਮਾਂਉਂ ਵਾਂਗ ਰਾਤ ਉਹਨੂੰ ਗੋਦੀ 'ਚ ਸੁਆਲ ਲੈਂਦੀ
ਮਿੱਠੀ ਮਿੱਠੀ ਲੋਰੀਆਂ ਦੇ, 'ਸੌਂ ਜਾ ਮੇਰੀ ਵਾਰੀ ਸ਼ਾਮ'
ਅੱਠੀਂ-ਪਹਿਰੀਂ ਉਠ ਕੇ ਤੇ 'ਕੇਰਾਂ ਝਾਤੀ ਪਾਵੰਦੀ ਏ
ਸੁੱਤੀ ਰਹਿੰਦੀ ਨਹੀਂ ਤਾਂ ਵਿਚ ਪ੍ਰੇਮ ਦੀ ਖ਼ੁਮਾਰੀ ਸ਼ਾਮ
ਏਖ੍ਹਾਂ ! ਕਿੱਥੇ ਨੀਂਦ ਹੈ ਨਸੀਬ ਹੁੰਦੀ ਆਸ਼ਕਾਂ ਨੂੰ
ਦਿਨੇ ਰਾਤ ਕੁੱਸਦੀ ਏ ਅੱਖੀਆਂ ਦੀ ਮਾਰੀ ਸ਼ਾਮ
ਆਪਾਂ ਦੋਵੇਂ ਦੁਖੀ ਆਪੋ ਵਿਚ ਦੁਖ ਵੰਡ ਲਈਏ
'ਸੀਤਲ' ਦੇ ਗਲੇ ਲੱਗ, ਆਜਾ ਮੇਰੀ ਪਿਆਰੀ ਸ਼ਾਮ

੩-੪-੩੧

## ਬੁਢਾਪੇ ਨੂੰ

ਗਿਆਨੀ ਸਰੂਪ ਸਿੰਘ ਕੰਡਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੰਡਿਆਣਾ ਤਹਿ: ਫਿਲੌਰ (ਜਲੰਧਰ)

੧. ਵਾਹ, ਬੁਢਾਪੇ ਅਸ਼ਕੇ ਤੇਰੇ
ਕਿਧਰ ਲੈ ਗਿਓਂ ਸਾਥੀ ਮੇਰੇ ?
ਜੋਬਨ, ਮਸਤੀ, ਛੈਲ-ਜੁਆਨੀ
ਦਿਲ ਮਸਤਾਨਾ, ਨਜ਼ਰ ਦੀਵਾਨੀ
ਰੂਹ ਦਾ ਖੇੜਾ ਪ੍ਰੇਮ ਤਰੰਗਾਂ
ਗੁੰਮ ਹੋਇਆ ਸਭ ਅੰਦਰ ਤੇਰੇ

੨. ਕਿੱਥੇ ਮੇਰੇ ਬਿਸੀਅਰ ਕਾਲੇ ?
ਹੁਸਨ ਖ਼ਜ਼ਾਨੇ ਦੇ ਰਖਵਾਲੇ
ਫੁੱਲ ਕੁਮਲਾਏ, ਭੌਰ ਨਾ ਦਿਸਦੇ
ਉਹ ਤਾਂ ਨਹੀਂ ਸੀ ਕਿਸੇ 'ਤੇ ਵਿਸਦੇ
ਤੇਰੇ ਹੰਸਾਂ 'ਤੇ ਉਹ ਭੁੱਲ ਗਏ
ਅਪਣਾ ਆਪ ਲੁਟਾਵਨ ਵਾਲੇ

੩. ਕਿੱਥੇ ਦਿਲ ਦੀਆਂ ਸ਼ੋਖ ਉਮੰਗਾਂ ?
ਪਸ਼ਮ ਦੀ ਗਾਨੀ, ਕੱਚ ਦੀਆਂ ਵੰਗਾਂ
ਕੇਸੂ ਦੇ ਫੁੱਲਾਂ ਦੇ ਗਜਰੇ
ਸੱਜਰੇ ਗਹਿਣੇ, ਚਾ ਵੀ ਸੱਜਰੇ

ਅੱਲ੍ਹੜ-ਪਨ ਦੀਆਂ ਸਰਲ ਅਦਾਵਾਂ
ਨੀਵੀਆਂ ਨਜ਼ਰਾਂ, ਬਾਂਕੀਆਂ ਸੰਗਾਂ

੪. ਕਿੱਥੇ ਉਹ ਖ਼ੁਸ਼ੀਆਂ ਤੇ ਹਾਸੇ ?
ਪੱਜ, ਬਹਾਨੇ, ਲਾਰੇ, ਝਾਸੇ
ਕਾਰਨ ਬਾਝੋਂ ਰੁੱਸ ਰੁੱਸ ਬਹਿਣਾ
ਬਿਨਾਂ ਮਨਾਇਆਂ ਹੀ ਮੰਨ ਪੈਣਾ
ਸਭ ਦੀ ਥਾਂ ਰਹਿ ਗਏ ਤਰਸੇਵੇਂ
ਜਾਂ ਕੁਝ ਕੁਝ ਕੂੜੇ ਭਰਵਾਸੇ

੫. ਕਿੱਥੇ ਉਹ ਮੂੰਹ-ਜ਼ੋਰ ਜਵਾਨੀ ?
ਤੇ ਰੱਬ ਵਰਗੀ ਆਕੜ-ਖ਼ਾਨੀ
ਮੱਥਾ ਲਾ ਪਰਬਤ ਨੂੰ ਦੇਣਾ
ਕੱਚਿਆਂ ਘੜਿਆਂ 'ਤੇ ਠਿੱਲ੍ਹ ਪੈਣਾ
ਚਾਵਾਂ ਨਾਲ ਮਿਟਾ ਕੇ ਜੀਵਨ
ਘੜਨੀ ਅਪਣੀ ਨਵੀਂ ਕਹਾਣੀ

੬. ਤੇ ਕਿੱਥੇ ਅੱਜ ਆਹ ਬੁਢਾਪਾ
ਰੋਗ ਪੁਰਾਣਾ, ਨਿੱਤ-ਸਿਆਪਾ
ਹੱਥੀਂ ਤਾਂ ਕੋਈ ਕਾਰ ਨਾ ਹੋਵੇ
ਬੀਤੀ ਯਾਦ ਆਵੇ ਤਾਂ ਰੋਵੇ
ਨੈਣ-ਪਰਾਣ ਛੁਡਾ ਗਏ ਪੱਲਾ
ਰਹਿ ਗਿਆ ਕੈਦੀ ਰੂਹ ਕਲਾਪਾ

੭. ਹੁਣ ਤਾਂ ਰਹਿ ਗਿਆ ਬੁੜ ਬੁੜ ਕਰਨਾ
ਹਉਕੇ, ਝੋਰੇ, ਕੁੜ੍ਹਨਾ, ਸੜਨਾ
ਮੱਥੇ ਤਿਉੜੀ, ਨਜ਼ਰ ਦੁਨਾਲੀ
ਜੀਭ ਦਿਲਾਂ ਨੂੰ ਸਾੜਨ ਵਾਲੀ
ਹਾਸੇ-ਭਾਣੇ ਖਿਝ ਖਿਝ ਪੈਣਾ
ਵਸਦੇ ਵੇਖ ਕੇ ਮੂਲ ਨਾ ਜਰਨਾ

੮. ਮੁੰਡਿਆਂ ਤੋਂ ਸੁਣ ਹੀਰ ਦੇ ਦੋਹੜੇ
ਐਵੇਂ ਪਏ ਸੁੱਟਣੇ ਤਰਫੋੜੇ
ਯਾਦ ਨਹੀਂ ਕੀ ਆਪਣੀ ਬੀਤੀ ?
ਕਿਤਨਾ-ਕੁ ਦਿਲ ਸਾਫ਼ ਰਿਹਾ ਸੀ !
ਹੁਣ ਤਾਂ ਬਣਿਆਂ ਪਾਕ ਫ਼ਰਿਸ਼ਤਾ
*ਵਾਅਜ਼ ਕਰੇਂ, ਬਦੀਆਂ ਤੋਂ ਹੋੜੇ

੯. ਵਾਹ ! ਬੁਢਾਪੇ ! ਤੈਥੋਂ ਵਾਰੇ
ਢੱਕ ਲਏ ਈ ਔਗੁਣ ਸਾਰੇ
ਚੋਰਾਂ ਨੂੰ ਤੂੰ ਭਗਤ ਬਣਾਵੇਂ
ਚੁਗਲਾਂ ਤੋਂ ਇਨਸਾਫ਼ ਕਰਾਵੇਂ
ਚਿੱਟੀ ਪੱਗ ਬਜ਼ੁਰਗੀ ਵਾਲੀ
ਪੂਜੀ ਜਾਵੇ 'ਸੀਤਲ' ਪਿਆਰੇ

੫-੯-੩੯

*ਉਪਦੇਸ਼

# ਗ਼ਰੀਬ-ਅਮੀਰ

## (ਗ਼ਰੀਬ ਦੀ ਜ਼ਬਾਨੀ—ਅਮੀਰ ਨੂੰ ਸੰਬੋਧਨ ਕਰ ਕੇ)

ਮੈਂ ਵੀ ਮੰਨਦਾ ਹਾਂ, ਤੂੰ ਵੀ ਮੰਨਦਾ ਏਂ
ਰਚਨਹਾਰ, ਕਰਤਾਰ, ਖ਼ੁਦਾ ਇੱਕੋ
ਹੱਡ, ਚੰਮ ਇੱਕੋ, ਲਹੂ, ਮਾਸ ਇੱਕੋ
ਅੱਗ, ਜਲ, ਧਰਤ, ਅਕਾਸ਼, ਹਵਾ ਇੱਕੋ
ਨੱਕ, ਕੰਨ, ਮੂੰਹ, ਹੱਥ ਤੇ ਪੈਰ ਇੱਕੋ
ਸੱਚਾ ਇੱਕ ਤੇ ਬਣਤ ਬਣਾ ਇੱਕੋ
ਇੱਕੋ ਮੇਲ ਤੋਂ ਕੁੱਲ ਜਹਾਨ ਹੋਇਆ
ਇੱਕੋ ਪਿਤਾ ਦੀ ਅੰਸ ਭਰਾ ਇੱਕੋ
ਐਪਰ ਫ਼ਰਕ ਹੈ ਆਦਮੀ ਆਦਮੀ ਵਿਚ
ਝਗੜਾ ਥਾਂ ਥਾਂ ਕਿਸਮਤ ਨਸੀਬ ਦਾ ਏ
ਕਿਤੇ ਸੁੰਨਤ ਤੇ ਬੋਦੀ ਦਾ ਬੋਲ ਬਾਲਾ
ਕਿਤੇ ਮਰਤਬਾ ਉੱਚਾ ਸਲੀਬ ਦਾ ਏ

ਇਹ ਵੀ ਫ਼ਰਕ ਹੈ, ਕਿ ਹੋਇਉਂ ਬਾਦਸ਼ਾਹ ਤੂੰ
ਬਹਿਕੇ ਤਖ਼ਤ 'ਤੇ ਹੁਕਮ ਚਲਾਨ ਵਾਲਾ
ਅਤੇ ਮੈਂ ਮਾਲਕ ਲੇਖਾਂ ਮੰਦਿਆਂ ਦਾ
ਬਣਿਆਂ ਸ਼ਹਿਰ ਵਿਚ ਟੋਕਰੀ ਚਾਨ ਵਾਲਾ
ਟਿੱਕੀ ਜਵਾਂ ਦੀ ਲਿਖੀ ਨਸੀਬ ਮੇਰੇ
ਤੇ ਤੂੰ ਜੰਮਿਓਂ ਬਰਫ਼ੀਆਂ ਖਾਨ ਵਾਲਾ
ਤੂੰ ਹੈਂ ਮਾਲਕ ਮਕਾਨ ਤੇ ਮੈਂ ਜੀਵੇਂ !
ਤੇਰੇ ਬੂਹੇ ਦੀ ਕੁੰਡੀ ਖੜਕਾਨ ਵਾਲਾ।

ਤੇਰੇ ਕੁੱਤਿਆਂ ਗਰਦਣੀ ਸਿਲਕ ਦੀ ਏ
ਸਿਰ 'ਤੇ ਰੱਖਿਆ ਮੈਂ ਇੱਨੂੰ ਟਾਕੀਆਂ ਦਾ
ਮੇਰੇ ਲਾਡਲੇ ਲਾਲ ਦਾ ਖ਼ੂਨ ਹੈ ਇਹ
ਰੋਗਨ ਲਾਲ ਜੋ ਤੇਰੀਆਂ ਤਾਕੀਆਂ ਦਾ

ਹਾਥੀ, ਫਿਟਨ ਤੇ ਮੋਟਰਾਂ ਬੱਘੀਆਂ ਨੇ
ਤੈਨੂੰ ਬਾਂਕਿਆ ! ਸੈਰ ਕਰਾਨ ਬਦਲੇ
ਮੇਰੇ ਵਰਗਿਆਂ ਨੂੰ ਜਣਿਆਂ ਮਾਂ ਤੱਤੀ
ਤੇਰੇ ਬੂਟ ਦੀਆਂ ਠੋਕਰਾਂ ਖਾਣ ਬਦਲੇ
ਨੂਰੀ ਸਿੱਪ ਦੋ ਡੁੱਲ੍ਹਦੇ ਨੈਣ ਮੇਰੇ
ਤੇਰੀ ਝਾਲਰਾਂ ਨੂੰ ਮੋਤੀ ਲਾਣ ਬਦਲੇ
ਖ਼ੂੰਨ ਡੁੱਲ੍ਹਦਾ ਏ ਮੇਰਾ ਪੱਤਿਆਂ 'ਤੇ
ਤੇਰੇ ਪਾਨ ਨੂੰ ਰੰਗ ਚੜ੍ਹਾਨ ਬਦਲੇ

ਹੋਵੇ ਕਈਆਂ ਗ਼ਰੀਬਾਂ ਦੀ ਜ਼ਿੰਦਗਾਨੀ
ਤੇਰੇ ਇੱਕ ਇੱਕ ਸੁਖ ਦੇ ਸਾਸ ਦਾ ਮੁੱਲ
ਇਹ ਮਜ਼ਦੂਰ ਦੇ ਜਿਗਰ ਦੀਆਂ ਬੋਟੀਆਂ ਨੇ
ਦੱਸੇਂ ਭੋਲਿਆ ! ਪੱਟ ਦੇ ਮਾਸ ਦਾ ਮੁੱਲ

ਮੇਰੀ ਝੁੱਗੀ ਝਨਾਂ ਦੀ ਢਾਹ ਉੱਤੇ
ਤੇ ਤੂੰ ਵੱਸਦੈਂ ਵਿਚ ਅਟਾਰੀਆਂ ਦੇ
ਮੇਰੀ ਗੋਦੜੀ ਨੂੰ ਟਾਂਕੇ ਰੱਸੀਆਂ ਦੇ
ਲੇਟੇਂ ਵਿਚ ਤੂੰ ਗੋਟਾ ਕਨਾਰੀਆਂ ਦੇ
ਮੇਰਾ ਟੋਕਰੀ ਹੇਠ ਨਾ ਸਾਹ ਨਿਕਲੇ
ਚੂਪੇਂ ਪਾਨ ਤੂੰ ਬੈਠ ਵਿਚ ਬਾਰੀਆਂ ਦੇ
ਸੁਲੇਮਾਨ ਦੇ ਤਖ਼ਤ ਜਿਉਂ ਕਾਊਚ ਤੇਰਾ
ਚਾੜ੍ਹਨ ਅਰਸ਼ 'ਤੇ ਨਸ਼ੇ ਸਰਦਾਰੀਆਂ ਦੇ

ਤੈਨੂੰ ਸ਼ਿਮਲੇ 'ਤੇ ਗਰਮੀ ਉਡੀਕਦੀ ਏ
ਮੈਨੂੰ ਝੱਲਦੀ ਧੁੱਪ ਮੁਲਤਾਨ ਦੀ ਨਹੀਂ
ਜਾਂ ਹੈਂ ਤੂੰ ਫ਼ਰਿਸ਼ਤਾ, ਜਾਂ ਪਸ਼ੂ ਹਾਂ ਮੈਂ
ਇੱਕ ਦੋਹਾਂ 'ਚੋਂ ਜ਼ਾਤ ਇਨਸਾਨ ਦੀ ਨਹੀਂ

ਤੇਰੇ ਮੋਹਣ ਨੂੰ ਜ਼ੁਲਫ਼ ਵੀ ਸੰਵਰਦੀ ਏ
ਮੇਰੀ ਸੁੰਦਰੀ ਦੀਆਂ ਲਿਟਾਂ ਖੁੱਲ੍ਹੀਆਂ ਨੇ
ਤੇਰੇ ਮੁਖੜੇ 'ਤੇ ਡੁੱਲ੍ਹੇ ਰੋਜ਼ ਪਾਊਡਰ
ਮੇਰੇ ਹੁਸਨ 'ਤੇ ਧੂੜੀਆਂ ਭੁੱਲੀਆਂ ਨੇ
ਘੜੀ ਘੜੀ ਹੈ ਬਦਲਦਾ ਸੂਟ ਤੇਰਾ
ਮੇਰੇ ਬਾਪ ਦੀ ਮਿਲਖ ਦੋ ਜੁੱਲੀਆਂ ਨੇ
ਤਿੱਬਤ-ਤੂਰ ਨੂੰ ਮੇਲਦੇ ਨਿਗ੍ਹਾ ਤੇਰੀ
ਮੇਰੀ ਅੱਖ ਅੱਗੇ ਸਰ੍ਹਵਾਂ ਫੁੱਲੀਆਂ

ਤੇਰੇ ਚੁਹਲ ਲਈ ਸਿਨੇਮਾਂ ਟਾਕੀਆਂ ਨੇ
ਮੇਰਾ ਜੀ ਪਰਚਾ ਝਿੜਕਾਂ ਤੇਰੀਆਂ ਨੇ
ਸੁਰਖ਼ੀ ਚਾੜ੍ਹੀ ਗਲਾਸ ਦੀ ਬੁੱਲ੍ਹੀਆਂ 'ਤੇ
ਖ਼ੁਸ਼ਕ ਖ਼ੂਨ ਬਾਝੋਂ ਰਗਾਂ ਮੇਰੀਆਂ ਨੇ

ਜ਼ਰਦਾ, ਖੀਰ, ਪਲਾਉ, ਕਬਾਬ ਤੈਨੂੰ
ਭੁੱਜੇ ਜਵਾਂ 'ਤੇ ਰਾਤ ਗੁਜ਼ਾਰਦਾ ਮੈਂ
ਤੜਕਾ ਗ਼ਮਾਂ ਦਾ ਲਾਇਕੇ ਦਿਲ ਅਪਣਾ
ਤੇਰੀ ਕਿਸਮਤ ਦੇ ਕਦਮਾਂ ਤੋਂ ਵਾਰਦਾ ਮੈਂ
ਖ਼ੂਨ ਡੋਲ੍ਹ ਕੇ ਬੇਗ਼ਮੀ, ਦਾਖ ਪਾਲਾਂ
ਐਪਰ ਗਾਹਕ ਹਾਂ ਲੱਪ ਜੁਆਰ ਦਾ ਮੈਂ
ਮੇਰੇ ਕੋਸ਼ ਵਿਚ ਸ਼ਬਦ 'ਆਰਾਮ' ਹੈ ਨਹੀਂ
ਕਰ ਕਰ ਮਿਹਨਤਾਂ ਉਮਰ ਭਰ ਹਾਰਦਾ ਮੈਂ

ਖ਼ੁਸ਼ੀ, ਐਸ਼, ਨਸੀਬ ਕਰ ਭੇਟ ਤੇਰੀ
ਪੱਲੇ ਪਾ ਲਿਆ ਨਿੱਤ ਦਿਆਂ ਝੋਰਿਆਂ ਨੂੰ
ਹੋ ਕੇ ਰਿਜ਼ਕ-ਦਾਤਾ ਫਿਰ ਵੀ ਤਰਸਦਾ ਹਾਂ
ਤੇਰੇ ਹੱਥ ਦਿਆਂ ਡਿੱਗਿਆਂ ਭੋਰਿਆਂ ਨੂੰ

ਤੇਰੇ ਨੰਗ ਵੱਲੇ ਕੋਈ ਵੇਖਦਾ ਨਹੀਂ
ਤੇਰੇ ਬੁਰੇ ਵੱਲੇ ਕੋਈ ਤੱਕਦਾ ਨਹੀਂ
ਮੇਰੀਆਂ ਨੇਕੀਆਂ ਵੀ ਹੋ ਗੁਨਾਹ ਦਿੱਸਣ
ਪਰਦੇ ਫੋਲਣੋ ਕੋਈ ਵੀ ਝਕਦਾ ਨਹੀਂ
ਤੇਰੇ ਬੂਟ ਦੇ ਤਲੇ ਦੀ ਸ਼ਾਨ ਹੋਵੇ
ਮੂੰਹ ਗ਼ਰੀਬ ਦਾ ਚੁੰਮਦਾ ਥੱਕਦਾ ਨਹੀਂ
ਸਾਡਾ 'ਜੀ' ਕਹਿਣਾ ਕੌੜਾ ਲੱਗਦਾ ਏ
ਤੇਰੀ 'ਓਏ' ਸੁਣ ਸੁਣ ਕੰਨ ਅੱਕਦਾ ਨਹੀਂ

ਤੇਰੀ ਗੱਲ 'ਫ਼ੁਰਮਾਨ' ਪਰਸਿਧ ਹੋਵੇ
ਮੇਰੀ ਅਕਲ ਦੀ ਗੱਲ 'ਬਕਵਾਸ' ਹੋਵੇ
ਪਰ ਇਹ ਫ਼ਰਕ ਨਾ ਰਹੂ ਹੁਣ ਸਦਾ 'ਸੀਤਲ'
ਹਿੰਮਤ ਵਾਲਿਆਂ ਦੀ ਕਿਸਮਤ ਦਾਸ ਹੋਵੇ

੧੨—੧੧—੩੪

# ਖੁੱਲ੍ਹੀ ਹਵਾ

ਖੁੱਲ੍ਹੇ ਉੱਡਦੇ ਪੰਛੀ ਤਕ ਕੇ
ਤੋਤੇ ਨੇ ਹੰਝ ਕੇਰੀ
ਮੈਂ ਕਿਹਾ,
'ਕੀ ਮਾਲਕ ਨਹੀਂਗਾ
ਕਰਦਾ ਖ਼ਾਤਰ ਤੇਰੀ ?'
ਕਹਿੰਦਾ,
ਸੀਤਲ !
ਮੈਂ ਤਾਂ ਅਪਣੀ
ਆਜ਼ਾਦੀ ਨੂੰ ਰੋਵਾਂ
ਇਸ ਪਿੰਜਰੇ ਦੀ ਚੂਰੀ ਨਾਲੋਂ
ਖੁੱਲ੍ਹੀ ਹਵਾ ਚੰਗੇਰੀ ।

੩੦—੪—੩੯

## ਗ਼ਰੀਬ—ਮਿਹਨਤੀ

ਮੈਂ ਹੈਰਾਨ ਹਾਂ, ਸੁੱਕੀਆਂ ਟਿੱਕੀਆਂ 'ਤੇ
ਹੋਊ ਕਦੋਂ ਤੱਕ ਤੇਰੀ ਗੁਜ਼ਰਾਨ ਜੱਟਾ !
ਰੱਜ ਖਾਣ ਨਾ ਰਿਹਾ ਨਸੀਬ ਤੇਰੇ
ਉਲਟੀ ਹਉਕਿਆਂ ਨੇ ਖਾ ਲਈ ਜਾਨ ਜੱਟਾ !
ਖੱਟੀ ਲੱਸੀ ਨੂੰ ਤਰਸਦੇ ਬਾਲ ਤੇਰੇ
ਕੁੱਤੇ ਕਿਨ੍ਹਾਂ ਦੇ ਬਰਫ਼ੀਆਂ ਖਾਨ ਜੱਟਾ !
ਖੱਟੇਂ ਤੂੰ ਤੇ ਲੁੱਟਦੇ ਐਸ਼ ਵਿਹਲੜ
ਤੇਰਾ ਖ਼ੂਨ ਅਮੀਰਾਂ ਦੇ ਪਾਨ ਜੱਟਾ !

ਕੱਕਰ ਪੋਹ ਦੀ ਰਾਤ ਦੇ ਜਾਲਦੈਂ ਤੂੰ
ਮਾਣਨ ਲੋਕ ਜਦ ਸੁਖ ਰਜ਼ਾਈਆਂ ਦੇ
ਬਹਿ ਕੇ ਧੂੰਏਂ 'ਤੇ ਕੱਟ ਸਿਆਲ ਲੈਂ ਤੂੰ
ਮੰਦਰ ਉੱਸਰੇ ਤੇਰੀ ਕਮਾਈਆਂ ਦੇ

ਵਾਹਣ ਵਾਹ ਵਾਹ ਕਰੇਂ ਅਨਾਜ ਪੈਦਾ
ਮਾਲਕ ਬੋਹਲ ਦੇ ਹੋਰ ਬਣ ਜਾਣ ਜੱਟਾ
ਮੈਦਾ ਲੱਗਦਾ ਕਿਨ੍ਹਾਂ ਦੀਆਂ ਪੂਰੀਆਂ ਨੂੰ
ਲਿਖਿਆ ਤੇਰੇ ਨਸੀਬ ਵਿਚ ਛਾਣ ਜੱਟਾ
ਤੇਰੀ ਜਵਾਂ ਦੀ ਟਿੱਕੀ 'ਤੇ ਲੱਖ ਝਪਟਾਂ
ਓਧਰ ਕੁਲਫੀਆਂ ਨਹੀਂ ਪਰਵਾਨ ਜੱਟਾ
ਤੇਰੇ ਖੱਦਰ ਦੇ ਕੁੜਤੇ ਨੂੰ ਵੀਹ ਟਾਂਕੇ
ਵਿਹਲੜ ਰੇਸ਼ਮੀ ਸੂਟ ਹੰਢਾਣ ਜੱਟਾ

ਕਿਸੇ ਇਕ ਦੇ ਬਾਲ ਦੀ ਬਣੇ ਕਿਸਮਤ
ਤੇਰੇ ਕਈਆਂ ਦਾ ਲਹੂ ਸੁਕਾ ਜੱਟਾ
ਕਿਸੇ ਇਕ ਦੇ ਘਰ ਫ਼ਾਨੂਸ ਜਗਦੇ
ਤੇਰੇ ਸੈਂਕੜੇ ਦੀਵੇ ਬੁਝਾ ਜੱਟਾ

ਓਧਰ ਉੱਸਰਦੇ ਹਾਲ ਨੇ ਕੌਂਸਲਾਂ ਦੇ
ਤੇਰੀਆਂ ਕੱਚੀਆਂ ਕੁੱਲੀਆਂ ਢਹਿੰਦੀਆਂ ਨੇ
ਕਿਸੇ ਇਕ ਮਲੂਕ ਦੀ ਬਣੇ ਸਾੜ੍ਹੀ
ਲੱਖਾਂ ਦੇਵੀਆਂ ਨੰਗੀਆਂ ਬਹਿੰਦੀਆਂ ਨੇ
ਇੱਜ਼ਤ ਇਕ ਅਮੀਰ ਦੀ ਸਿਖਰ ਚੜ੍ਹਦੀ
ਓਧਰ ਕਈਆਂ ਗ਼ਰੀਬਾਂ ਦੀਆਂ ਲਹਿੰਦੀਆਂ ਨੇ
ਕਿਸੇ ਇਕ ਦੀ ਸੁੱਖ ਦੀ ਸੇਜ ਬਦਲੇ
ਕਈ ਗ਼ੁਲਾਮ ਜਾਨਾਂ ਸੂਲੀ ਸਹਿੰਦੀਆਂ ਨੇ
ਕਾਂਟੇ ਕਿਨ੍ਹਾਂ ਦੇ ਜੜਤ ਹੈ ਹੀਰਿਆਂ ਦੀ
ਤੇਰੀ ਲਾਡਲੀ ਵੰਗਾਂ ਨੂੰ ਤਰਸਦੀ ਏ
ਹਾਸੇ ਵੇਖ ਅਮੀਰਾਂ ਦੀਆਂ ਬੁੱਲ੍ਹੀਆਂ 'ਤੇ
ਬਣ ਕੇ ਘਟਾ ਤੇਰੀ ਅੱਖ ਬਰਸਦੀ ਏ

ਬਰਕਤ ਹੀਰਿਆ ! ਇਹ ਬਾਹੀਂ ਤੇਰੀਆਂ ਦੀ
ਕਾਰਾਂ ਪੌਣ ਦੀਆਂ ਪੁਤਲੀਆਂ ਚੱਲਦੀਆਂ ਨੇ
ਬਦਲਾ ਮਿਲੇ ਇਹ ਤੇਰੀਆਂ ਮਿਹਨਤਾਂ ਦਾ
ਓਹਾ ਹੇਠ ਪਹੀਆਂ ਤੈਨੂੰ ਦਲਦੀਆਂ ਨੇ
ਕਿਸੇ ਇਕ ਦੇ ਹੋਵੰਦੇ ਨਾਜ਼ ਪੂਰੇ
ਏਧਰ ਕਈ ਜਾਨਾਂ ਖ਼ਾਕ ਰਲਦੀਆਂ ਨੇ

ਤੇਰੇ ਸੈਂਕੜੇ ਫੁੱਲਾਂ ਦਾ ਖ਼ੂੰਨ ਪੀ ਪੀ
ਕਿਸੇ ਇਕ ਦੀਆਂ ਨਾਗਣਾਂ ਪਲਦੀਆਂ ਨੇ

ਤੈਨੂੰ ਪਾਲਿਸੀ ਦੇ ਕੋਹਲੂ ਪੀੜ ਕੇ ਤੇ
ਤੇਰੇ ਖ਼ੂੰਨ ਦੀਆਂ ਵਿਸਕੀਆਂ ਬਣਦੀਆਂ ਨੇ
ਸ਼ਾਲਾ ! ਮਾਂਵਾਂ ਕਿਉਂ ਨੂਰ ਗੁਆਉਂਦੀਆਂ ਨੇ
ਜੋ ਗ਼ੁਲਾਮ ਗ਼ੁਲਾਮਾਂ ਨੂੰ ਜਣਦੀਆਂ ਨੇ

ਤਾਪੇ ਸੁੱਕ ਕੇ ਲੱਗ ਗਏ ਨਾਲ ਤੇਰੇ
ਤੂੰ ਹੈਂ ਕਈਆਂ ਨੂੰ ਰਿਜ਼ਕ ਪੁਚਾਨ ਵਾਲਾ
ਉਲਟਾ ਸਗੋਂ ਤੈਨੂੰ ਹਰ ਇਕ ਘੂਰਦਾ ਏ
ਤੇਰੀ ਖੱਟੀ 'ਤੇ ਐਸ਼ ਉਡਾਨ ਵਾਲਾ
ਬੈਠਾ ਆਪਣੀ ਕਿਸਮਤ ਨੂੰ ਝੂਰਦਾ ਏਂ
ਓ ਤੂੰ ਕਈਆਂ ਦੀ ਕਿਸਮਤ ਬਣਾਨ ਵਾਲਾ
ਆਪਣੇ ਪੈਰਾਂ 'ਤੇ ਖੜਾ ਹੋ, ਕਰ ਹਿੰਮਤ
ਤੈਨੂੰ ਡਿੱਗੇ ਨੂੰ ਕੋਈ ਨਹੀਂ ਉਠਾਨ ਵਾਲਾ

ਕਿਸੇ ਹੋਰ ਦੀ ਆਸ 'ਤੇ ਬਹਿਣ ਨਾਲੋਂ
ਜਿੰਨਾ ਸਰੇ ਸ਼ੇਰਾ ! ਹੀਲਾ ਕਰਨ ਚੰਗਾ
'ਸੀਤਲ' ਏਸ ਗ਼ੁਲਾਮੀ ਦੇ ਜਿਉਣ ਨਾਲੋਂ
ਲੱਖਾਂ ਹਿੱਸੇ ਆਜ਼ਾਦੀ ਦਾ ਮਰਨ ਚੰਗਾ

੨—੫—੩੭

# ਆਜ਼ਾਦੀ ਦਾ ਹੋਕਾ

ਗੱਭਰੂ ਇਕ ਖ਼ਾਕੀ ਵਰਦੀ ਵਿਚ
ਸੋਹਣਾ ਮੱਸ ਭਿੰਨਾ ਸੱਜਦਾ ਏ
ਤਕ ਉਸਦੇ ਰੂਪ ਜੁਆਨੀ ਨੂੰ
ਮਾਤਾ ਦਾ ਦਿਲ ਨਾ ਰੱਜਦਾ ਏ
ਹੱਥ ਵਿਚ ਤਿੰਨ ਰੰਗੀ ਝੰਡੀ ਏ
ਵੇਲਾ ਹੈ ਕੂਚ ਤਿਆਰੀ ਦਾ
ਜੋਬਨ ਹੈ ਦਮਕਾਂ ਮਾਰ ਰਿਹਾ
ਉਸ ਬਾਂਕੇ ਵਤਨ-ਪੁਜਾਰੀ ਦਾ
ਨਾਅਰੇ 'ਜੈ ਭਾਰਤ ਮਾਤਾ' ਦੇ
ਪਿਆ ਉੱਚੀ ਉੱਚੀ ਲਾਂਦਾ ਏ
ਗ਼ਫ਼ਲਤ ਦੀ ਨੀਂਦੇ ਸੁੱਤਿਆਂ ਨੂੰ
ਟੁੰਬ ਟੁੰਬ ਕੇ ਪਿਆ ਜਗਾਂਦਾ ਏ
ਦੇਂਦਾ ਏ ਹੋਕਾ ਗਲੀ ਗਲੀ :
ਆਵੇ ਜਿਸ ਸਾਥੀ ਬਣਨਾ ਏਂ
ਆਵੇ ਕੋਈ ਜਨਮ ਸੁਆਰ ਲਏ
ਨਿਤ ਨਿਤ ਨਾ ਮਾਂਵਾਂ ਜਣਨਾ ਏਂ
ਝੰਡਾ ਲੈ ਹੱਥ ਆਜ਼ਾਦੀ ਦਾ
ਕੁਰਬਾਨੀ ਦਾ ਰਾਹ ਫੜਨਾ ਏਂ
ਆਵੇ ਜਿਸ 'ਐਨਲਹੱਕ' ਕਹਿ ਕੇ
ਸੂਲੀ ਦੇ ਉੱਤੇ ਚੜ੍ਹਨਾ ਏਂ

ਜਿਸ ਨੂੰ ਦੁਨੀਆਂ ਦੇ ਸੁੱਖਾਂ ਤੋਂ
ਜਿਹਲਾਂ ਦੇ ਕਸ਼ਟ ਪਿਆਰੇ ਨੇ
ਜਿਸ ਨੇ ਫਾਂਸੀ ਦੇ ਤਖ਼ਤੇ 'ਤੇ
ਲੈਣੇ ਹੱਸ ਹੱਸ ਹੁਲਾਰੇ ਨੇ
ਸਦੀਆਂ ਦੀ ਗਈ ਆਜ਼ਾਦੀ ਨੂੰ
ਆਵੇ, ਜਿਸ ਮੋੜ ਲਿਆਉਣਾ ਏਂ
ਜਿਸ ਹੱਸ ਹੱਸ ਚਰਖੀ ਚੜ੍ਹਨਾ ਏਂ
ਜਿਸ ਬੰਦ ਬੰਦ ਜੁਦਾ ਕਰਾਉਣਾ ਏਂ
ਜਿਸ ਸੁੱਕੀ ਧਰਤੀ ਸਿੰਜਣ ਨੂੰ
ਪਾਣੀ ਜਿਉਂ ਖ਼ੂੰਨ ਵਹਾਉਣਾ ਏਂ
ਉਜੜੇ ਹੋਏ ਦੇਸ਼ ਗ਼ੁਲਾਮਾਂ ਦੇ
ਜਿਸ ਬਾਗ਼ ਆਜ਼ਾਦੀ ਲਾਉਣਾ ਏਂ
ਆਵੇ, ਜਿਸ ਆਪਣੇ ਦੇਸ਼ ਲਈ
—ਵੇਲਾ ਹੈ—ਜੇ ਕੁਛ ਕਰਨਾ ਏਂ
ਕਾਇਰਾਂ ਦੇ ਜੀਵਨ ਤੋਂ ਚੰਗਾ
ਮਰਦਾਂ ਦੀ ਮੌਤੇ ਮਰਨਾ ਏਂ
ਮੈਂ ਚੱਲਿਆ ਜੇ, ਆ ਜਾਵੇ, ਜਿਸ
ਕੁਰਬਾਨੀ ਦੇ ਰਾਹ ਚਲਨਾ ਏਂ
ਜਿਸ ਜ਼ੱਰਰਾ ਜ਼ੱਰਰਾ ਹੋ ਕੇ ਤੇ
ਮਿੱਟੀ ਦੇ ਅੰਦਰ ਰਲਨਾ ਏਂ
ਹੈ ਝੰਡਾ ਹੱਥ ਆਜ਼ਾਦੀ ਦਾ
ਮੈਂ ਗੀਤ ਵਤਨ ਦੇ ਗਾਵਾਂਗਾ
'ਵਾਸ਼ਿੰਗਟਨ' ਵਾਂਗੂ ਹਿੰਦ ਅੰਦਰ
ਸ੍ਵੈਰਾਜ-ਨਸ਼ਾਨ ਝੁਲਾਵਾਂਗਾ

ਹੁਣ ਪਲਟ ਦਿਆਂਗਾ ਕਿਸਮਤ ਨੂੰ
ਹਿੰਮਤ ਦਾ ਬਣੂੰ ਪੁਜਾਰੀ ਮੈਂ
ਕੱਟ ਦੇਸੂੰ ਜੜ੍ਹਾਂ ਗੁਲਾਮੀ ਦੀਆਂ
ਕੁਰਬਾਨੀ ਦੀ ਫੜ ਆਰੀ ਮੈਂ
ਕਰਤਾ ਬਣ ਆਪਣੇ ਜੀਵਨ ਦਾ
ਮਰਦਾਂ ਦਾ ਜੀਵਨ ਜੀਵਾਂਗਾ
ਹੁਣ ਆਪਣੀ ਕਿਰਤ ਕਮਾਈ ਮੈਂ
ਆਪੇ ਹੀ ਖਾਵਾਂ ਪੀਵਾਂਗਾ
ਢਾਹ ਟੋਏ, ਟਿੱਬੇ, ਧੁਹੜੇ ਮੈਂ
ਸਭ ਪੱਧਰ ਕਰ ਦਿਖਲਾਵਾਂਗਾ
ਅਪਣੀ ਹੀ ਧਰਤੀ ਸਾਜਾਂਗਾ
ਅਪਣਾ ਅਸਮਾਨ ਬਣਾਵਾਂਗਾ
'ਨਲੂਏ' ਦੀ ਕਥਾ-ਕਹਾਣੀ ਮੈਂ
ਭਾਰਤ ਦੇ ਵਿਚ ਦੁਹਰਾਵਾਂਗਾ
ਸਤਿਜੁਗ ਦੇ ਵਾਂਗੂੰ ਦੁਨੀਆਂ ਦਾ
ਫਿਰ ਆਗੂ ਬਣ ਦਿਖਲਾਵਾਂਗਾ
ਮੈਂ ਆਪ 'ਰਜ਼ਾ ਖ਼ਾਂ' ਵਾਂਗੂੰ ਹੁਣ
ਅਪਣਾ 'ਈਰਾਨ' ਵਸਾਵਾਂਗਾ
ਜੰਨਤ ਜੋ ਕਹਿੰਦੇ ਅਰਸ਼ਾਂ 'ਤੇ
ਮੈਂ ਭਾਰਤ ਵਿਚ ਲਿਆਵਾਂਗਾ
ਮੈਂ ਮਰਦਾਂ ਵਾਂਗੂੰ ਭਾਰਤ ਦੀ
ਦੁਨੀਆਂ ਵਿਚ ਸ਼ਾਨ ਬਣਾਵਾਂਗਾ
ਬੈਠਾਂਗਾ ਵਿਚ ਸ਼ਰੀਕਾਂ ਦੇ
ਤਾਂ ਹਿੰਦੀ ਸ਼ੇਰ ਸਦਾਵਾਂਗਾ

ਮਰਿਆਂ ਦੇ ਬਾਝ ਆਜ਼ਾਦੀ ਨਾ
ਮਿਲਦੀ ਏ, ਦੁਨੀਆਂ ਕਹਿੰਦੀ ਏ
ਭੇਟਾ ਸਿਰ ਕਈ ਸ਼ਹੀਦਾਂ ਦੇ
ਪਹਿਲਾਂ ਕੁਰਬਾਨੀ ਲੈਂਦੀ ਏ
ਅਪਣਾ ਸਿਰ ਸਭ ਤੋਂ ਪਹਿਲਾਂ ਮੈਂ
ਜਾ ਉਸਦੀ ਭੇਟ ਟਿਕਾਵਾਂਗਾ
ਫਿਰ ਜਿਉਂਦੇ-ਮੁਰਦਾ ਹਿੰਦੀਆਂ ਨੂੰ
ਮਰਨੇ ਦੀ ਜਾਚ ਸਿਖਾਵਾਂਗਾ
ਆਸ਼ਕ ਹਾਂ ਮੈਂ ਆਜ਼ਾਦੀ ਦਾ
ਪਰਬਤ ਤਕ ਚੀਰ ਲਿਆਵਾਂਗਾ
ਉਸ ਪਾਰ ਝਨਾਓਂ ਬੈਠੀ ਨੂੰ
ਦੇ ਜਿਗਰ ਕਬਾਬ ਮਨਾਵਾਂਗਾ
'ਸੀਤਲ' ਜੀ, ਹੁਣ ਆਜ਼ਾਦੀ ਦੇ
ਹਿੰਦ ਵਿਚ ਨਸ਼ਾਨ ਝੁਲਾਵਾਂਗਾ
ਟਰਕੀ, ਇੰਗਲੈਂਡ, ਅਮਰੀਕਾ ਜਿਉਂ
ਭਾਰਤ ਦੀ ਸ਼ਾਨ ਬਣਾਵਾਂਗਾ

੨੬—੪—੩੮

## ਗ਼ੁਲਾਮ ਤੇ ਰੱਬ

ਇੱਕ ਦਿਨ ਮੈਨੂੰ ਰੱਬ ਮਿਲਿਆ
ਤੇ ਮੈਂ ਰੋ ਰੋ ਹਾੜ੍ਹੇ ਪਾਏ
ਕਿਹਾ : ''ਵੇਖ ਲੈ ਤੇਰੀ ਖ਼ਾਤਰ
ਅਸਾਂ ਕੀ ਕੀ ਹਾਲ ਬਣਾਏ
ਪੰਜ ਪੰਜ ਰੋਜ਼ ਨਮਾਜ਼ਾਂ ਪੜ੍ਹੀਆਂ
ਅਤੇ ਤੀਹ ਤੀਹ ਰੋਜ਼ੇ ਰੱਖੇ
ਲੱਖ ਆਰਤੀਆਂ ਪੂਜਾ, ਅਰਚਾ
ਨਾਲੇ ਮੰਦਰੀਂ ਟੱਲ ਖੜਕਾਏ
ਤਸਬੀ, ਮਾਲਾ, ਜੱਗ, ਜ਼ਕਾਤਾਂ
ਕਿਤੇ ਤਨ ਕਰਵੱਤ ਚਿਰਾਇਆ
ਮਲੀ ਭਬੂਤ ਤੇ ਰੂਪ ਵਟਾਇਆ
ਅਸਾਂ ਹੱਸ ਹੱਸ ਕੰਨ ਪੜਵਾਏ
ਛਿਲੇ ਕੱਟੇ, ਸੁਕ ਮਜਨੂੰ ਹੋ ਗਏ
ਅਤੇ ਜੰਗਲੀਂ ਧੂਣੀਆਂ ਤਪੀਆਂ
ਤੂੰ ਕਿੱਡਾ ਕੋਰਾ ਨਿਕਲਿਉਂ ਰੱਬਾ !
ਤੇਰੇ ਦਿਲ 'ਤੇ ਇਕ ਨਾ ਆਏ''

ਸੁਣ ਇਹ ਗੱਲ ਹੱਸਿਆ ਰੱਬ ਅੱਗੋਂ
ਅਤੇ ਘਿਰਣਾ ਨਾਲ ਕਿਹੋ ਸੂ :
''ਮੈਂ ਨਾ ਬਣਾ ਗ਼ੁਲਾਮ ਦਾ 'ਸੀਤਲ'
''ਕੋਈ ਮੈਨੂੰ ਖ਼ੁਸ਼ੀ ਧਿਆਏ''

੩੦—੪—੩੯

## ਦੁਖਿਆਰਨ

ਮੁਰਝੀ ਕਲੀ ਉਹ ਕਿਸੇ ਅਸੀਲ ਕੁਲ ਦੀ
ਖਾ ਖਾ ਸਮੇਂ ਦੀ ਮਾਰ ਅਧ-ਮੋਈ ਹੋਈ ਸੀ
ਬੂਹਲ ਗ਼ਮਾਂ ਦੇ ਲੱਪਾਂ ਦੇ ਨਾਲ ਮਿਣਦੀ
ਚੱਕੀ ਝੋਰਿਆਂ ਦੀ ਉਹਨੇ ਝੋਈ ਹੋਈ ਸੀ
ਚਿਹਰੇ ਮਖ਼ਮਲੀ 'ਤੇ ਮੋਤੀ ਚਮਕਦੇ ਸਨ
ਬੜੇ ਰੋਹ ਵਿਚ ਆਣ ਕੇ ਰੋਈ ਹੋਈ ਸੀ
ਦੱਬੀ ਹੋਈ ਸੀ ਗ਼ਮਾਂ ਦੇ ਭਾਰ ਹੇਠਾਂ
ਤੱਤੀ ਪੌਣ ਤੋਂ ਪਰ ਹੌਲੀ ਹੋਈ ਹੋਈ ਸੀ

ਮਾਰੀ ਸ਼ਰਮ ਦੀ ਨਾ ਲਵੇ ਸਾਹ ਉੱਚੀ
ਬੂਹਾ ਮੱਲ ਕਚਹਿਰੀ ਦਾ ਖਲੀ ਹੋਈ ਸੀ
ਦਸ-ਕੁ ਸਾਲ ਦੀ ਕੁੜੀ ਇਕ ਨਾਲ ਉਹਦੇ
ਚਾਵਾਂ ਸੱਧਰਾਂ ਨਾਲ ਜੋ ਪਲੀ ਹੋਈ ਸੀ

ਹਾਲ ਵੇਖ ਕੇ ਰਿਹਾ ਨਾ ਗਿਆ ਮੈਥੋਂ
ਆਦਰ ਨਾਲ ਪੁੱਛਿਆ, "ਕੀ ਏ ਗੱਲ ? ਬੀਬੀ !
ਠੰਢੇ ਸਾਹ ਤੇਰੇ ਦਿਲ ਦਾ ਦੁੱਖ ਦੱਸਣ
ਕਿਹੜੀ ਗੱਲ ਦਾ ਏ ਤੈਨੂੰ ਸੱਲ ? ਬੀਬੀ !
ਤੇਰੇ ਨੈਣਾਂ ਦੀ ਗੰਗਾ ਦੇ ਵਹਿਣ ਅੰਦਰ
ਬੇੜਾ ਸਬਰ ਦਾ ਗਿਆ ਏ ਹੱਲ, ਬੀਬੀ !
ਤੇਰੇ ਦਰਦ ਨੇ—ਹਾ !—ਮੇਰੇ ਦਿਲ ਅੰਦਰ
ਦੱਬੀ ਅੱਗ ਬਾਲੀ ਪੱਖਾ ਝੱਲ ਬੀਬੀ !

"ਤੇਰੀ ਅੱਖੀਆਂ ਦੀ ਸ਼ਰਮ ਦੱਸਦੀ ਏ
ਕਿਸੇ ਦੁੱਖ ਕਚਹਿਰੀ 'ਚ ਢੋਈ ਏਂ ਤੂੰ
ਤੇਰੇ ਸਬਰ ਨੂੰ ਅੱਤ ਨੇ ਤੋੜ ਦਿਤਾ
ਛਾਲੇ ਵਾਂਗ ਭਰ ਕੇ ਫਿੱਸ ਰੋਈ ਏਂ ਤੂੰ"

ਅੱਗੋਂ ਕਿਹਾ ਉਸ "ਕਹਿਣ ਦੀ ਵਾਹ ਕੋਈ ਨਹੀਂ
ਬੁਰੇ ਡੋਬ ਕਲੇਜੇ ਨੂੰ ਪੈਣ ਵੀਰਾ
ਦੱਸ, ਲਵੇਂਗਾ ਕੀ ਇਹਨਾਂ ਵਿਰੜ੍ਹਿਆਂ 'ਚੋਂ ?
ਜਾਣੇ ਸੁਣੇ ਨਹੀਂ ਦੁਖੀ ਦੇ ਵੈਣ ਵੀਰਾ !
ਰਾਤੀਂ ਸਤੇ ਦਿਲ 'ਚੋਂ ਜਦੋਂ ਆਹ ਨਿਕਲੇ
ਛਾਲੇ ਵਿਚ ਅਸਮਾਨ ਦੇ ਪੈਣ ਵੀਰਾ !
ਦੁਖੀ ਮਾਪਿਆਂ ਦੀ ਦੁਖੀ ਧੀ ਹਾਂ ਮੈਂ
ਦੁਖੀ ਵੀਰ ਦੀ ਮੈਂ ਦੁਖੀ ਭੈਣ ਵੀਰਾ !

"ਤੰਗ ਆਈ ਹਾਂ ਚਾਨਣਾ ! ਜੀਵਣੇ ਤੋਂ
ਪੁੱਠੇ ਸਮੇਂ ਦੇ ਗੇੜ ਨੇ ਮਾਰੀਆਂ ਮੈਂ
ਚੰਨਾ ! ਦਿਲ ਦੀ ਅੰਗੀਠੀ 'ਚ ਰੱਖੀਆਂ ਨੇ
ਸਾਂਭ ਸਾਂਭ ਕੇ ਆਹਾਂ ਅੰਗਿਆਰੀਆਂ ਮੈਂ

"ਮੇਰੀ ਕਥਾ ਲੰਮੀ ਅਤੇ ਵਿਤ ਥੋੜਾ
ਨਾ ਕੋਈ ਸੁਣਨ ਜੋਗਾ, ਨਾ ਮੈਂ ਕਹਿਣ ਜੋਗੀ
ਤੋੜ ਛੱਡਿਆ ਕਰਜ਼ ਨੇ ਲੱਕ ਮੇਰਾ
ਤੱਤੀ ਰਹੀ ਨਹੀਂ ਹੁਣ ਭਾਰ ਸਹਿਣ ਜੋਗੀ
ਮਾਰ ਛੱਡਿਆ ਨਿੱਤ ਦੀਆਂ ਕੁਰਕੀਆਂ ਨੇ
ਨਹੀਂ ਰਹੀ ਕਿਤੇ ਸ਼ਰੀਕਾਂ 'ਚ ਬਹਿਣ ਜੋਗੀ
ਕਿਸਮਤ ਬੁਰੀ ਮੇਰੀ ਪਈ ਮਗਰ ਮੇਰੇ
ਮਗਰੋਂ ਨਹੀਂ ਲਹਿੰਦੀ, ਮਗਰੋਂ ਲਹਿਣ ਜੋਗੀ

"ਕੜੀਆਂ ਛੱਤ ਦੀਆਂ ਤੀਕ ਵੀ ਵੇਚ ਕੇ ਮੈਂ
ਮਸਾਂ ਮਸਾਂ ਸਿਰ ਤੋਂ ਕਰਜ਼ ਲਾਹਿਆ ਏ
ਕੀਤਾ ਸ਼ੁਕਰ ਸੀ, ਜਾਨ ਹੁਣ ਸੁਖੀ ਹੋਸੀ
ਕਿਸਮਤ ਫੇਰ ਕੁੜਿੱਕੀ 'ਚ ਫਾਹਿਆ ਏ

"ਘਰ ਤਾਂ ਡੰਗ ਦੇ ਵੀ ਨਹੀਂ ਸੀ ਖਾਣ ਜੋਗਾ
ਉੱਤੋਂ ਮਾਮਲੇ ਵਾਲਿਆਂ ਜ਼ੋਰ ਪਾਇਆ
ਸਾਡੇ ਕੋਲ ਕੀ ਸੀ, ਜਿੱਥੋਂ ਤਾਰ ਦੇਂਦੇ
ਉਹਨੂੰ ਅੱਗੇ ਸਿਪਾਹੀਆਂ ਨੇ ਪਕੜ ਲਾਇਆ
ਨਾਲ ਡਾਢਿਆਂ ਦੇ ਕੋਈ ਨਾ ਪੇਸ਼ ਜਾਵੇ
ਜ਼ੋਰਾਵਰਾਂ ਨੇ ਜਿਹਲ ਦੇ ਵਿਚ ਪਾਇਆ
ਸਾਰੇ ਟੱਕਰਾਂ ਮਾਰ ਰਹੀ ਮਰਨ ਜੋਗੀ
ਪੈਸਾ ਇਕ ਵੀ ਨਾ ਕਿਤੋਂ ਹੱਥ ਆਇਆ

"ਅੰਤ ਐਸ ਮਾਸੂਮ ਦੀ ਧੌਣ ਉਤੇ
ਛੁਰੀ ਫੇਰ ਕੇ ਲਹੂ ਨਚੋੜਿਆ ਮੈਂ
ਲੋਕੀਂ ਮਰ ਗਿਆਂ ਦੇ ਗੰਗਾ ਫੁਲ ਪਾਵਣ
ਇਹਨੂੰ ਜੀਉਂਦੀ ਨੂੰ ਨਦੀ ਰੋੜ੍ਹਿਆ ਮੈਂ

"ਅਧਖੜ ਉਮਰ ਦੁਹਾਜੂ ਨੂੰ ਸਾਕ ਕੀਤਾ
ਯਾਰਾਂ ਸਾਲ ਦੀ ਢਿਡ ਦੀ ਜਾਈ ਦਾ ਮੈਂ
ਹਾਇ ! ਇਸ ਬੇਦੋਸ਼ ਦੇ ਕੁਹਣ ਬਦਲੇ
ਤੱਤੀ ਧਾਰਿਆ ਰੂਪ ਕਸਾਈ ਦਾ ਮੈਂ
ਤਾਰਨ ਮਾਮਲਾ ਆਈ ਹਾਂ ਪਤੀ ਦੀ ਥਾਂ
ਸੌਦਾ ਵੇਚ ਕੇ ਪਾਪ ਕਮਾਈ ਦਾ ਮੈਂ
ਬਦਲੇ ਜਾਨ ਦੇ ਆਨ ਤੇ ਸ਼ਾਨ ਵੇਚੀ
ਧਰਮ ਡੋਬਿਆ ਭਾਰਤੀ-ਮਾਈ ਦਾ ਮੈਂ"

ਏਨੀ ਕਹਿੰਦਿਆਂ ਗੱਚ ਦੇ ਨਾਲ ਰੋ ਪਈ
ਫੜ ਕੇ ਧੀ ਨੂੰ ਹਿੱਕ ਦੇ ਨਾਲ ਲਾਇਆ
ਉਹਦੇ ਹੰਝੂਆਂ ਦੇ ਰਾਹੀਂ ਦਿਲ ਅੰਦਰ
ਭਾਂਬੜ ਮੱਚਦਾ 'ਸੀਤਲਾ' ਨਜ਼ਰ ਆਇਆ

੧੪—੩—੩੪

# ਖ਼ੂੰਨੀ ਮਹਿੰਦੀ

ਸੁਪਨੇ ਵਿਚ ਕਿਸੇ ਨੇ ਮੈਨੂੰ
ਰੰਗਲਾ ਹੱਥ ਵਿਖਾਇਆ
ਮੈਂ ਕਿਹਾ :—
'ਕਿਆ ਸੋਹਣੀ ਮਹਿੰਦੀ
ਕਿਆ ਗੂੜ੍ਹਾ ਰੰਗ ਆਇਆ'
ਉੱਤਰ ਮਿਲਿਆ
ਤੇਰੀ ਹੀ
ਸ਼ਾਹ ਰਗ ਦਾ ਖ਼ੂੰਨ ਗ਼ੁਲਾਮਾਂ !
ਜੋ ਗੈਰਾਂ ਦੀਆਂ ਤਲੀਆਂ ਉਤੇ
ਮਹਿੰਦੀ ਬਣ ਕੇ ਆਇਆਂ'

੩੦-੪-੩੯

# ਕਾਣੀ ਵੰਡ

ਰਚਨਾ ਸਭ ਰੱਬ ਦੀ ਵੰਡੀਆਂ
ਬੰਦਿਆਂ ਨੇ ਪਾਈਆਂ ਜੀ
ਇਕਨਾ ਦੇ ਹਿੱਸੇ ਲਿਖੀਆਂ
ਮੱਖਣ ਮਲਾਈਆਂ ਜੀ
ਸਿੱਧੇ ਮੂੰਹ ਖਾਂਦੇ ਨਹੀਂਗੇ
ਕੇਕ, ਖ਼ਤਾਈਆਂ ਜੀ

ਇਕਨਾ ਦੇ ਲੇਖਾਂ ਅੰਦਰ
ਸੂੜ੍ਹੀ ਨਕਾਰੀ ਹੈ
ਕਿਸਮਤ ਦਿਆ ਧਨੀਆ ਜੱਟਾ!
ਤੇਰੀ ਗਤ ਨਿਆਰੀ ਹੈ
ਕਿਸਮਤ ਦਿਆ ਬਲੀ ਕਿਸਾਨਾ!

ਇਕਨਾ ਦੇ ਕੁੱਤਿਆਂ ਅੱਗੇ
ਰੁਲਦਾ ਹੈ ਮਾਸ ਜੀ
ਵਿਸਕੀ ਦੇ ਰਹਿਣ ਮੇਜ਼ 'ਤੇ
ਭਰੇ ਗਲਾਸ ਜੀ
ਇਕਨਾਂ ਦੇ ਪੇਟ ਭਰਨ ਨੂੰ
ਦਾਣੇ ਨਹੀਂ ਪਾਸ ਜੀ

ਭੁੱਖਿਆਂ ਦੀ ਹਉਕਿਆਂ ਅੰਦਰ
ਬੀਤਦੀ ਸਾਰੀ ਹੈ
ਕਿਸਮਤ ਦਿਆ ਧਨੀਆਂ ਜੱਟਾ !
ਤੇਰੀ ਗਤ ਨਿਆਰੀ ਹੈ
ਕਿਸਮਤ ਦਿਆ ਬਲੀ ਕਿਸਾਨਾ !
ਇਕਨਾਂ ਦੇ ਸਿਰੀਂ ਸੁਹੰਦੀਆਂ
ਰੇਸ਼ਮੀ ਸਾੜ੍ਹੀਆਂ
ਨੰਗੇ ਸਿਰ ਕੱਟਣ ਕੋਈ
ਸਾਉਣੀਆਂ, ਹਾੜ੍ਹੀਆਂ
ਲੀਰਾਂ ਦੇ ਬੁੱਕ ਉਦਾਲੇ
ਲੇਖਾਂ ਦੀਆਂ ਮਾੜੀਆਂ
ਇਕਨਾਂ ਦੀ ਰਹਿੰਦੀ ਹਰਦਮ,
ਜ਼ੁਲਫ਼ ਸੰਵਾਰੀ ਹੈ
ਕਿਸਮਤ ਦਿਆ ਧਨੀਆਂ ਜੱਟਾ !
ਤੇਰੀ ਗਤ ਨਿਆਰੀ ਹੈ
ਕਿਸਮਤ ਦਿਆ ਬਲੀ ਕਿਸਾਨਾ ।
ਖਾਂਦੀ ਸਭ ਦੁਨੀਆਂ ਜੱਟਾ !
ਤੇਰੀ ਕਮਾਈ ਹੈ
ਕਿਸਮਤ ਸੁਲਤਾਨਾਂ ਤਕ ਦੀ
ਤੂੰ ਏਂ ਬਣਾਈ ਹੈ
ਸੌਂ ਗਿਓਂ ਪਰ ਘੂਕ, ਵਾਰੀ
ਤੇਰੀ ਜਦ ਆਈ ਹੈ
ਦੁੱਖਾਂ ਤੇ ਭੁੱਖਾਂ ਦੀ ਸਿਰ
ਚੁੱਕ ਲਈ ਪੰਡ ਭਾਰੀ ਹੈ

ਕਿਸਮਤ ਦਿਆ ਧਨੀਆਂ ਜੱਟਾ
ਤੇਰੀ ਗਤ ਨਿਆਰੀ ਹੈ
ਕਿਸਮਤ ਦਿਆ ਬਲੀ ਕਿਸਾਨਾ।

ਮਾਪਿਆਂ ਦੇ ਘਰ ਘਰ ਸਾਰੇ
ਹੀਰੇ ਤੇ ਲਾਲ ਨੇ
ਇਕਨਾਂ ਦੇ ਸਿਰ 'ਤੇ ਸੁਹੰਦੇ
ਸੁੱਚੇ ਰੁਮਾਲ ਨੇ
ਪੈਰਾਂ ਤੋਂ ਨੰਗੇ ਕੋਈ
ਚਾਰਦੇ ਮਾਲ ਨੇ

ਰਹਿੰਦੀ ਮੁਰਝਾਈ ਸੋਹਲ
ਫੁੱਲਾਂ ਦੀ ਕਿਆਰੀ ਹੈ
ਕਿਸਮਤ ਦਿਆ ਧਨੀਆਂ ਜੱਟਾ!
ਤੇਰੀ ਗਤ ਨਿਆਰੀ ਹੈ
ਕਿਸਮਤ ਦਿਆ ਬਲੀ ਕਿਸਾਨਾ!

ਚਿਹਰੇ ਦੀ ਲਾਲੀ ਬੁੱਲ੍ਹੀਂ
ਕਿਨ੍ਹਾਂ ਦੇ ਹੱਸਦੀ ਏ
ਡੁੱਲ੍ਹੀ ਰੱਤ ਬਣ ਕੇ ਧਾਰੀਆਂ
ਸਾੜ੍ਹੀ 'ਤੇ ਲਸਦੀ ਏ
ਕਿਸਮਤ ਅੱਜ ਤੇਰੀ, ਤਲੀਆਂ
ਗ਼ੈਰਾਂ ਦੀਆਂ ਝੱਸਦੀ ਏ

'ਸੀਤਲ' ਜੀ, ਬਾਜ਼ੀ, ਜੱਟਾ
ਜਿੱਤ ਕੇ ਅਜ ਹਾਰੀ ਹੈ
ਕਿਸਮਤ ਦਿਆ ਧਨੀਆ ਜੱਟਾ!
ਤੇਰੀ ਗਤ ਨਿਆਰੀ ਹੈ
ਕਿਸਮਤ ਦਿਆ ਬਲੀ ਕਿਸਾਨਾ

੨੫-੫-੩੯

# ਗ਼ੁਲਾਮ

ਕਹਿੰਦੇ ਠੀਕ ਗ਼ੁਲਾਮ ਦਾ ਜਿਉਣ ਕੋਈ ਨਹੀਂ
ਦੀਨ, ਮਜ਼ਹਬ ਤੇ ਧਰਮ ਈਮਾਨ ਕੋਈ ਨਹੀਂ
ਨਬੀ, ਪੀਰ, ਅਵਤਾਰ, ਰਸੂਲ ਕੋਈ ਨਹੀਂ
ਅੱਲਾ, ਰਾਮ, ਰਹੀਮ, ਭਗਵਾਨ ਕੋਈ ਨਹੀਂ
ਇਹਦਾ ਆਪਣਾ ਕੁਛ ਨਹੀਂ ਜਹਾਨ ਅੰਦਰ
ਇਹਦੀ ਧਰਤ ਕੋਈ ਨਹੀਂ ਆਸਮਾਨ ਕੋਈ ਨਹੀਂ
ਮੁਰਦਾ ਦਿਲ, ਜਿਸ ਵਿਚ ਜੀਵਨ-ਕਣੀ ਹੀ ਨਹੀਂ
ਗੈਰਤ, ਆਬਰੂ, ਆਨ ਸ੍ਵੈਮਾਨ ਕੋਈ ਨਹੀਂ

ਨਾ ਇਹ ਜਿਉਂਦਿਆਂ ਵਿਚ, ਨਾ ਮਰ ਗਿਆਂ ਵਿਚ
ਇਹ ਇਨਸਾਨ ਵੀ ਨਹੀਂ ਤੇ ਹੈਵਾਨ ਵੀ ਨਹੀਂ
ਇਹਦਾ ਥਾਂ ਕੋਈ ਨਹੀਂ, ਇਹਦਾ ਨਾਂ ਕੋਈ ਨਹੀਂ
ਇਹਦਾ ਘਰ ਕੋਈ ਨਹੀਂ ਸ਼ਮਸ਼ਾਨ ਵੀ ਨਹੀਂ

ਸਫ਼ਾ-ਇ-ਹਸਤੀ ਉੱਤੇ ਬੇ-ਨਸ਼ਾਨ ਹੋ ਕੇ
ਜੋ ਨਾ ਕਰੇ ਫ਼ਰਿਆਦ, ਗ਼ੁਲਾਮ ਦਾ ਦਿਲ
ਜਿਸ ਵਿਚ ਖ਼ਾਹਸ਼ ਆਜ਼ਾਦੀ ਦੀ ਪੁੰਗਰਦੀ ਨਹੀਂ
ਬੰਜਰ ਬੇ-ਆਬਾਦ, ਗ਼ੁਲਾਮ ਦਾ ਦਿਲ
ਖ਼ਾਲੀ ਖ਼ੁਸ਼ੀ, ਉਮਾਹ, ਅਹਿਸਾਸ ਤੋਂ ਜੋ
ਬੁਝਾ ਹੋਇਆ ਨਾਸ਼ਾਦ, ਗ਼ੁਲਾਮ ਦਾ ਦਿਲ
ਜਿੱਥੇ ਅਣਖ ਤੇ ਬੀਰਤਾ ਵੱਸਦੀ ਨਹੀਂ
ਉਹ ਵੈਰਾਨ ਬਰਬਾਦ, ਗ਼ੁਲਾਮ ਦਾ ਦਿਲ

ਇਹ ਉਹ ਸ਼ਮਾਂ ਹੈ, ਜੀਹਦੇ ਵਿਚ ਲੋਅ ਕੋਈ ਨਹੀਂ
ਜੀਵਨ ਖ਼ਤਮ ਹੋਵੇ, ਪਰ ਨਾ ਆਹ ਨਿਕਲੇ
ਦੱਬਿਆ ਦਰਦ ਰਹੇ ਧੂਏਂ ਦੀ ਅੱਗ ਵਾਂਗੂ
ਪਰ ਮਜਾਲ ਕੀ ਏ ? ਉੱਚੀ ਸਾਹ ਨਿਕਲੇ

ਇਹ ਬੇਅੰਤ ਖ਼ੁਦਾ ਦੀਆਂ ਬਖ਼ਸ਼ਸ਼ਾਂ 'ਚੋਂ
ਕਿਸੇ ਇਕ ਦਾ ਵੀ ਹੱਕਦਾਰ ਨਾਹੀਂ
ਕਿਨ੍ਹਾਂ ਵਾਸਤੇ ਸਦਾ ਭੰਡਾਰ ਖੁੱਲ੍ਹੇ
ਰੱਜ ਖਾਣ ਇਹਦੇ ਅਖ਼ਤਿਆਰ ਨਾਹੀਂ
ਮੋਤੀ-ਮੁਸ਼ਕ ਨੇ ਕਿਨ੍ਹਾਂ ਦੇ ਨੁਕਲ ਬਣਦੇ
ਇਹਨੂੰ ਰੱਜਵੀਂ ਮਿਲੇ ਜੁਆਰ ਨਾਹੀਂ
ਬਿਜਲੀ ਕਿਨ੍ਹਾਂ ਦੀ ਸੇਜ 'ਤੇ ਕਰੇ ਪੱਖਾ
ਖੁੱਲ੍ਹੀ ਪੌਣ ਦਾ ਇਹ ਰਵਾਦਾਰ ਨਾਹੀਂ

ਇਹਦੇ ਬੁਝੇ ਸੀਨੇ ਅੰਦਰ ਜਲਨ ਕੋਈ ਨਹੀਂ
ਇਹਦੀ ਸੁੰਞੀ ਜੁਆਨੀ ਵਿਚ ਚਾਹ ਕੋਈ ਨਹੀਂ
ਇਹਦੇ ਖ਼ੂੰਨ ਅੰਦਰ ਗਰਮੀ ਜੋਸ਼ ਕੋਈ ਨਹੀਂ
ਮੁਰਦਾ ਹੌਸਲਾ ਦਿਲ 'ਚ ਉਮਾਹ ਕੋਈ ਨਹੀਂ

ਆਪਣੇ ਆਪ ਲਈ ਜੋ ਮਰਨਾ ਜਾਣਦਾ ਨਹੀਂ
ਪਾਜੀ, ਕਾਇਰ, ਬੇ-ਜਾਨ ਗ਼ੁਲਾਮ ਹੈ ਉਹ
ਹੋ ਬੇ-ਇਜ਼ਤ ਜੀਹਨੂੰ ਮੁੜ੍ਹਕਾ ਆਵੰਦਾ ਨਹੀਂ
ਬੇ-ਅਣਖ, ਬੇ-ਆਨ ਗ਼ੁਲਾਮ ਹੈ ਉਹ
ਝੱਲ ਕੇ ਜ਼ੁਲਮ ਜੋ ਬੋਲਣਾ ਜਾਣਦਾ ਨਹੀਂ
ਬੇ-ਜ਼ੁਬਾਨ ਨਾਤਾਨ ਗ਼ੁਲਾਮ ਹੈ ਉਹ
ਜਿਹੜਾ ਪਿੰਜਰੇ ਵਿਚ ਫੜ ਫੜਾਉਂਦਾ ਨਹੀਂ
ਮੁਰਦਾ ਬੇ-ਪਰਾਨ ਗ਼ੁਲਾਮ ਹੈ ਉਹ

ਜੀਹਦੀ ਰੌਸ਼ਨੀ ਵਿਚ ਨਾ ਨਜ਼ਰ ਆਵੇ
ਮੱਧਮ ਜਿਹਾ ਗ਼ੁਲਾਮੀ-ਚਰਾਗ਼ ਹੈ ਉਹ
ਨਾਲ ਖ਼ੂਨ ਦੇ ਧੋਤਿਆਂ ਉਤਰਦਾ ਏ
ਲਾਹਨਤ ਜੱਗ ਦੀ 'ਸੀਤਲਾ' ਦਾਗ਼ ਹੈ ਉਹ

੧੮-੫-੩੮

## ਉੱਠ ਜਾਗ

ਉੱਠ ਜਾਗ ਜੁਆਨਾ ! ਹੋਸ਼ ਸੰਭਲ
ਕੁਛ ਕਰ, ਕਰਕੇ ਦਿਖਲਾ ਦੇ ਤੂੰ
ਲਾਹਨਤ ਹੈ ਜਿਉਣ ਗ਼ੁਲਾਮੀ ਦਾ
ਇਹ ਦਾਗ਼ ਮੱਥੇ ਤੋਂ ਲਾਹ ਦੇ ਤੂੰ

ਬਰਕਤ ਹੈ ਤੇਰੀਆਂ ਬਾਹੀਂ ਵਿਚ
ਸੀਨੇ ਵਿਚ ਜੋਸ਼ ਜੁਆਨੀ ਦਾ
ਹਿੰਮਤ ਕਰ ਸ਼ੇਰਾ ! ਗਰਜ ਜ਼ਰਾ
ਅੱਗੇ ਵਧ ਜੁੱਗ ਪਲਟਾ ਦੇ ਤੂੰ

ਤੈਨੂੰ ਬੇ-ਗ਼ੈਰਤ ਕਹਿ ਕਹਿ ਕੇ
ਸਭ ਦੁਨੀਆਂ ਉਂਗਲਾਂ ਕਰਦੀ ਏ
ਸੁੱਤੀ ਹੋਈ ਅਣਖ ਜਗਾ ਅੰਦਰੋਂ
ਮਰਦਾਂ ਜਿਹਾ ਜੋਹਰ ਵਿਖਾ ਦੇ ਤੂੰ

ਜ਼ੰਜੀਰਾਂ ਤੋੜ ਗ਼ੁਲਾਮੀ ਦੀਆਂ
ਝੰਡਾ ਲੈ ਹੱਥ ਆਜ਼ਾਦੀ ਦਾ
'ਸੀਤਲ' ਰੰਗ ਅਪਣੇ ਖ਼ੂਨ ਅੰਦਰ
ਅਰਸ਼ਾਂ ਦੇ ਵਿਚ ਲਹਿਰਾ ਦੇ ਤੂੰ

੧—੫—੩੯

# ਝਨਾਂ

(ਫੱਗਣ ਦੇ ਮਹੀਨੇ)

ਐ ਨਦੀਏ ਪ੍ਰੇਮ-ਪ੍ਰੀਤ ਦੀਏ !
ਅੱਜ ਕਿਉਂ ਚੁੱਪ ਕੀਤੀ ਵਹਿੰਦੀ ਏਂ ?
ਛਾਲੇ ਜਿਉਂ ਭਰਿਆ ਦਿਲ ਤੇਰਾ
ਪਰ ਮੂੰਹੋਂ ਕੁਝ ਨਾ ਕਹਿੰਦੀ ਏਂ
ਅੱਜ ਕਿਉਂ ਤੂੰ ਭਰ ਕੇ ਵਗਦੀ ਨਹੀਂ ?
ਕੁਛ ਆਪਣਾ ਆਪ ਵਿਖਾਂਦੀ ਨਹੀਂ
ਲਹਿਰਾਂ ਨਹੀਂ, ਘੁੰਮਣ-ਘੇਰਾਂ ਨਹੀਂ
ਕੋਈ ਕੰਢੀ ਬੰਨੀ ਢਾਂਦੀ ਨਹੀਂ

ਜੋਬਨ ਨਹੀਂ, ਜੋਬਨ-ਮਸਤੀ ਨਹੀਂ
ਮਸਤੀ ਦੀਆਂ ਸ਼ੋਖ ਤਰੰਗਾਂ ਨਹੀਂ
ਵਿਧਵਾ ਜਿਉਂ ਤੇਰੇ ਦਿਲ ਅੰਦਰ
ਸ਼ਾਇਦ ਅੱਜ ਉਹ ਉਮੰਗਾਂ ਨਹੀਂ

ਸੀਨੇ ਦੇ ਦਾਗ਼ਾਂ ਵਾਂਗੂ ਅੱਜ
ਦਿਸਦੇ ਪਏ ਵਿਚ ਬਰੇਤੇ ਨੇ
ਪਾਣੀ ਦੀਆਂ ਕਰਵੀਆਂ ਛੱਲਾਂ ਦੀ
ਮੱਲੀ ਥਾਂ ਬਾਲੂ ਰੇਤੇ ਨੇ
ਤੂੰ ਕਿਸਦੇ ਪੱਛੋਤਾਵੇ ਵਿਚ
ਹੋ ਐਨ੍ਹੀ ਨੀਵੀਂ ਵਗਦੀ ਏਂ

ਸੋਹਣੀ ਦੀ ਮਾਰੂ ਵੈਰਨ ਨਹੀਂ
ਅੱਜ ਹੋਰ ਝਨਾਂ ਕੋਈ ਲਗਦੀ ਏਂ

ਤੂੰਹੇਂ ਹੈਂ ਜਿਸ ਦੀਆਂ ਠਾਠਾਂ ਵਿਚ
ਡੁੱਬੀ ਸੀ ਇਕ ਮੁਟਿਆਰੀ ਨੀ
ਤੇਰੇ ਹੀ ਕੰਢੇ ਵਸਦਾ ਸੀ
ਪ੍ਰੀਤਾਂ ਦਾ ਸ਼ੇਖ਼ ਬਪਾਰੀ ਨੀ
ਉਸ ਦਿਨ ਤੂੰ ਆਪਣੇ ਜੋਬਨ ਵਿਚ
ਵਗਦੀ ਸੈਂ ਭਰ ਅਸਗਾਹੀਂ ਨੀ
ਜਦ ਤੇਰੇ ਕੰਢੇ ਆਸ਼ਕ ਕੋਈ
ਭਰਦਾ ਸੀ ਬੈਠਾ ਆਹੀਂ ਨੀ

ਪਾਣੀ ਦੀ ਹਾਥ ਨਾ ਆਉਂਦੀ ਸੀ
ਪੈਂਦੇ ਸੀ ਕੱਪਰ ਕਹਿਰਾਂ ਦੇ
ਬੇੜੇ ਪਏ ਗੋਤੇ ਖਾਂਦੇ ਸੀ
ਮਾਰੇ ਤੂਫ਼ਾਨੀ ਲ਼ਹਿਰਾਂ ਦੇ

ਹਾਂ, ਉਸ ਦਿਨ, ਜਿਸ ਦਿਨ ਇੰਦਰ ਨੇ
ਕਹਿਰਾਂ ਦੀ ਵਰਖਾ ਲਾਈ ਸੀ
ਤੇ ਤੂੰ ਵੀ ਆਪਣੇ ਜੋਬਨ ਦੀ
ਇਕ ਮਾਰੂ ਕਾਂਗ ਚੜ੍ਹਾਈ ਸੀ
ਬਾਰਸ਼ ਸੀ, ਤੇਜ਼ ਹਨ੍ਹੇਰੀ ਸੀ
ਬਿਜਲੀ ਅੱਖੀਆਂ ਮਟਕਾਂਦੀ ਸੀ
ਸੀ ਕਾਲ਼ੀ ਰਾਤ ਕਿਆਮਤ ਦੀ
ਬੱਦਲਾਂ ਦੀ ਗਰਜ ਡਰਾਂਦੀ ਸੀ

ਦੇਵੀ ਇਕ ਸਿਦਕ-ਮੁਹੱਬਤ ਦੀ
ਓਧਰ ਸੀ ਖਲੀ ਕਨਾਰੇ 'ਤੇ
ਉਹ ਭੋਲੀ ਨਿਰਛਲ ਸਾਫ਼-ਦਿਲੀ
ਠਿੱਲ੍ਹ ਪਈ ਇਕ ਝੂਠੇ ਲਾਰੇ 'ਤੇ

ਕੀ ਕੱਚੇ ਭਾਂਡੇ ਤਰਣਾ ਸੀ ?
ਸਭ ਖੁਰ ਗਿਆ ਘੜਾ ਨਸੀਬਾਂ ਦਾ
ਦੁਖੀਆਂ ਦਾ ਸਾਥ ਨਾ ਨਿਭਦਾ ਏ
ਬਣਦਾ ਨਹੀਂ ਕੋਈ ਗ਼ਰੀਬਾਂ ਦਾ
ਛੱਲਾਂ ਦੇ ਥੱਪੜ ਸਹਿੰਦੀ ਸੀ
ਲਹਿਰਾਂ ਦੇ ਨਾਲ ਪਈ ਲੜਦੀ ਸੀ
'ਨਿਭ ਜਾਵੇ ਨਾਲ ਪਿਆਰੇ ਦੇ'
ਮੂੰਹੋਂ ਇਹ ਕਲਮਾਂ ਪੜ੍ਹਦੀ ਸੀ

ਪਲ ਵਿਚ ਬੇੜੀ ਉਸ ਸ਼ੁਹਦੀ ਦੀ
ਦੱਬੀ ਗਈ ਹੇਠ ਤਰੰਗਾਂ ਦੇ
ਆਸਾਂ ਦਾ ਉੱਜੜ ਬਾਗ਼ ਗਿਆ
ਢਹਿ ਗਏ ਸਭ ਮਹਿਲ ਉਮੰਗਾਂ ਦੇ

ਆਖ਼ਰ ਨੂੰ ਮੌਤ ਹਕੀਕੀ ਨੇ
ਜੀਵਨ ਦੇ ਬੇੜੇ ਤਾਰ ਦਿਤੇ
ਗੋਰੀ ਦੀਆਂ ਕਾਲੀਆਂ ਜ਼ੁਲਫ਼ਾਂ ਦੇ
ਖੂਹਲੇ ਵਲ, ਕੇਸ ਖਿਲਾਰ ਦਿਤੇ
ਉਸ ਸੂਹਲ ਨੂੰ ਆਪਣੀ ਗੋਦੀ ਵਿਚ
ਲੈ ਨਿੱਤ ਦੀ ਨੀਂਦ ਸੁਆ ਦਿਤਾ

ਦੁਨੀਆਂ ਦੀ ਨਜ਼ਰੋਂ ਉਹਲੇ ਕਰ
ਪ੍ਰੀਤਮ ਦੇ ਦੇਸ ਪੁਚਾ ਦਿਤਾ

ਇਕ ਸੋਹਣੀ ਨਹੀਂ, ਇਕ ਹੀਰ ਨਹੀਂ
ਸਾਹਿਬਾਂ ਨਹੀਂ, ਇਕ ਜਲਾਲੀ ਨਹੀਂ
ਜਿਸ ਜਿਸ ਨੂੰ ਪਾਣ ਝਨਾਂ ਦੀ ਏ
ਇਕ ਦਿਲ ਵੀ ਇਸ਼ਕੋਂ ਖ਼ਾਲੀ ਨਹੀਂ

ਜਾਦੂ ਕੀ ਇਹਦੇ ਪਾਣੀ ਵਿਚ ?
ਜਿਹੜਾ ਵੀ ਗੁੜ੍ਹਤੀ ਲੈਂਦਾ ਏ
ਛੱਡ ਜੱਦੀ ਤਖ਼ਤ ਹਜ਼ਾਰੇ ਨੂੰ
ਰਾਂਝੇ ਦੀ ਮੰਜ਼ੀਂ ਪੈਂਦਾ ਏ
ਨਹੀਂ ਖ਼ਬਰ ਜ਼ਮਾਨੇ ਗੁਜ਼ਰੇ ਦੀ
ਕਿਸ ਕਿਸ ਨੂੰ ਪ੍ਰੇਮ ਸਿਖਾਇਆ ਇਸ
ਕਿਸ ਕਿਸ ਦੀ ਇੱਜ਼ਤ ਰੋਲੀ ਇਸ
ਕਿਸ ਕਿਸ ਨੂੰ ਚਾਕ ਬਣਾਇਆ ਇਸ

ਰੱਬ ਕਰੇ, ਇਹ ਇਸ਼ਕ-ਝਨਾਂ ਲੋਕੋ !
ਰਹਿੰਦੀ ਦੁਨੀਆਂ ਤਕ ਵਗਦੀ ਰਹਿ
'ਸੀਤਲ' ਜੀ, ਜੋਤ ਮੁਹੱਬਤ ਦੀ
ਦਿਲ ਮੰਦਰ ਦੇ ਵਿਚ ਜਗਦੀ ਰਹਿ

੨੭—੩—੩੯

## ਬਾਲ-ਹੁਸਨ

ਬਾਲ ਉਮਰ ਤੇ ਸ਼ੋਖ਼ੀਆਂ ਆਹ, ਜੀਵੇਂ !
ਅਜੇ ਠਹਿਰ, ਜੁਆਨੀਆਂ ਆਉਣ ਤਾਂ ਦਿਹ
ਅਜੇ ਹੁਸਨ ਤਾਂ ਨੂਰ ਉਸ਼ੇਰ ਦਾ ਏ
ਜੋਬਨ ਹੋਰਾਂ ਨੂੰ ਪੈਰ ਟਿਕਾਉਣ ਤਾਂ ਦਿਹ
ਅਜੇ ਰੱਖ ਸੰਭਾਲ ਕੇ ਸ਼ਸਤਰਾਂ ਨੂੰ
ਵਲਾਂ ਛਲਾਂ ਨੂੰ ਜਾਲ ਵਿਛਾਉਣ ਤਾਂ ਦਿਹ
ਲਵਾ ਸੂਹਲ ਸਰੀਰ, ਕੁਆਰ-ਗੰਦਲ
ਰੁੱਤ ਫੁੱਲਾਂ ਦੇ ਖਿੜਨ ਦੀ ਆਉਣ ਤਾਂ ਦਿਹ
ਅਜੇ ਕੁੱਲ ਗੁਨਾਹਾਂ ਤੋਂ ਪਾਕ ਹੈ ਦਿਲ
ਚਿਹਰੇ ਉਤੇ ਮਾਸੂਮਤਾ ਝਲਕਦੀ ਏ
ਰੱਬੀ ਨੂਰ, ਮਲੂਕਾਂ ਦੇ ਸੁਹਜ ਵਾਲੀ
ਲਾਲੀ ਕੁਦਰਤੀ ਮੱਥੇ 'ਤੇ ਡਲ੍ਹਕਦੀ ਏ
ਭਰੇ ਸ਼ਰਬਤੀ ਨਸ਼ੇ ਦੇ ਜਾਮ ਵਾਂਗੂ
ਮਸਤੀ ਅੱਖੀਆਂ ਦੇ ਵਿਚ ਛਲਕਦੀ ਏ
'ਸੀਤਲ' ਹੁਸਨ ਵਿਚ ਖਿੱਚ ਕੋਈ ਗ਼ਜ਼ਬ ਦੀ ਏ
ਉਤ੍ਹਾਂ ਨਿਗ੍ਹਾ ਨਾ ਉਠਦੀ ਖ਼ਲਕ ਦੀ ਏ

੬—੧—੩੪

## ਵਿਜੋਗਣ

੧. ਨੀ ਸਖੀ ! ਰਹੁ ਰਹੁ ਸਤੀ ਨੂੰ ਨਾ ਸਤਾ ।
ਦਿਲ ਵਿਜੋਗਣ ਦਾ ਅੰਗੀਠੀ,
ਬ੍ਰਿਹੋਂ ਦੇ ਭਖਦੇ ਅੰਗਾਰੇ,
ਝੱਲ ਨਾ ਪੱਖਾ,
ਇਨ੍ਹਾਂ ਨੂੰ ਨਾ ਮਘਾ ।
ਅਨ-ਜਲੇ ਛਾਲੇ ਮਿਰੇ,
ਉਲਟੀ ਸਗੋਂ ਵਧਦੀ ਜਲਨ,
ਪਾਣੀ ਨਾ ਪਾ,
ਨਾ ਦੇ ਹਵਾ ।

੨. ਚੜ੍ਹ ਘਟਾਂ ਆਈਆਂ ਅਕਾਸ਼ੀਂ ਕਾਲੀਆਂ,
ਨਹੀਂ ਸਖੀ :
ਮੇਰੇ ਜਹੀ ਬ੍ਰਿਹਾ-ਜਲੀ ਦੇ
ਦਿਲ ਦੀਆਂ ਆਹੀਂ ਨੇ, ਜਾਂ
ਜ਼ੁਲਫ਼ਾਂ ਨੇ ਅਣ-ਸੰਭਾਲੀਆਂ ।
ਲਿਸ਼ਕਦੀ ਬਿਜਲੀ,
ਤਾਂ ਯਾਦ ਆਵੇ ਕਿਸੇ ਦਾ ਹੱਸਣਾ,
ਰੋਣਾ ਕਿਸੇ ਦਾ,
ਵਰ੍ਹਦੀਆਂ ਬੂੰਦਾਂ,
ਨਾ ਠੱਲ੍ਹੀਆਂ ਰਹਿਣ
ਅੱਖੀਆਂ ਉੱਛਲੀਆਂ ਮਤਵਾਲੀਆਂ ।

੩. ਵਰਜ ਨੀ ! ਮੋਰਾਂ ਨੂੰ, ਪੈਲਾਂ ਪਾਣ ਨਾ ।
ਡਲ੍ਹਕਦੇ ਅਰਸ਼ੀ ਸਤਾਰੇ-ਚੰਦ
–ਖੰਭਾਂ 'ਚ ਲਕੋਏ,

ਲੰਮੀਆਂ ਰਾਤਾਂ ਜੁਦਾਈ ਵਾਲੀਆਂ ਦੁਹਰਾਣ ਨਾ ।
ਕੋਇਲ ਦੀ 'ਕੂ ਕੂ' ਕਲੇਜਾ ਚੀਰਦੀ,
ਦਿਲ ਤੜਫਦਾ ਸੁਣ,
ਆਖ ਪਪੀਹਾਂ ਨੂੰ,
'ਪੀ-ਪੀ' ਦੇ ਤਰਾਨੇ ਗਾਣ ਨਾ ।

੪. ਪੌਣ ਸੀਤਲ ਰੁਮਕਦੀ ਭਾਵੇ ਨਹੀਂ ।
ਮਚਲਦੀ ਫਿਰਦੀ,
ਕਰੇ ਅਠਖੇਲੀਆਂ,
ਕਲੀਆਂ ਹਸਾਵੇ,
ਕਹੋ ਸੁ, ਛੇੜਾਂ ਛੇੜ
ਦਿਲ ਬੁਝਿਆਂ ਦੇ ਕਲਪਾਵੇ ਨਹੀਂ ।
ਗੋਦ ਬਹਿ ਫੁੱਲਾਂ ਦੀ
ਭੌਰੇ ਮਸਤ ਪੀ ਪੀ ਪ੍ਰੇਮ-ਰਸ,
ਆ ਵਜਦ ਵਿਚ ਕੁਛ ਗਾਣ,
ਸੁਣ ਕੇ ਝੱਲਿਆ ਜਾਵੇ ਨਹੀਂ ।

੫. ਆਹ ! ਜੁਦਾਈ 'ਚ ਅਜਬ ਤਾਸੀਰ ਹੈ ।
ਇੱਕ ਪੀਆ ਬਿਨ,
ਸੁੱਖ ਜ਼ਮਾਨੇ ਦੇ ਦੁੱਖਾਂ ਦੇ ਘਰ ਬਣੇ, ਹੁਣ
ਸੇਜ ਦੀ ਰੇਸ਼ਮ ਦੀ ਇਕ ਇਕ ਤਾਰ.
ਮਾਨੋ, ਤੀਰ ਹੈ ।
ਬ੍ਰਿਹੋਂ ਨੇ ਅੰਮ੍ਰਿਤ ਨੂੰ ਕੀਤਾ ਜ਼ਹਿਰ;
ਕੀ ਅਸਚਰਜ ? "ਸੀਤਲ" !
ਮਿਲ ਪਏ ਪਿਆਰਾ,
ਮਿਰੇ ਲਈ ਜ਼ਹਿਰ ਵੀ ਅਕਸੀਰ ਹੈ ।

੨—੯—੩੯

## ਯਾਦ ਨਾ ਕਰ

ਉੱਜੜੇ ਹੋਏ ਪ੍ਰੇਮ ਬਗ਼ੀਚੇ ਨੂੰ
ਐ ਦਿਲ ! ਛੱਡ, ਮੁੜ ਆਬਾਦ ਨਾ ਕਰ
ਸਾਲਾਂ ਦੀਆਂ ਭੁੱਲੀਆਂ ਯਾਦਾਂ ਨੂੰ
ਭੁੱਲਣ ਦਿਹ, ਭੁੱਲਿਆ ! ਯਾਦ ਨਾ ਕਰ
ਸੁੱਤੇ ਹੋਏ ਨਾਗ ਇਸ਼ਕ ਦੇ ਨੂੰ
ਕਿਉਂ ਟੁੰਬ ਟੁੰਬ ਫੇਰ ਜਗਾਉਨਾ ਏਂ ?
ਸੱਜਣ ਦੀਆਂ ਸਿੱਮਟੀਆਂ ਜ਼ੁਲਫ਼ਾਂ ਨੂੰ
ਬੱਝੀਆਂ ਹੀ ਰਹਿਣ, ਆਜ਼ਾਦ ਨਾ ਕਰ
ਉ ! ਜਰ ਜਾ, ਯਾਰ ! ਵਿਛੋੜੇ ਨੂੰ
ਚੁਪ ਕਰਕੇ ਚੜ੍ਹ ਜਾ ਸੂਲੀ 'ਤੇ
ਬਿਰਹੋਂ ਦੀਆਂ ਤਾਨਾਂ ਲਾ ਲਾ ਕੇ
ਸੁਖੀਆਂ ਦੇ ਦਿਲ ਨਾਸ਼ਾਦ ਨਾ ਕਰ
'ਸੀਤਲ' ਇਹ ਗਿਲ੍ਹੇ-ਨਿਹੋਰੇ ਸਭ
ਆਪਣੀ ਹੀ ਜਾਨ ਮੁਕਾਉਂਦੇ ਨੇ
ਜਿਸ ਦਿਲ ਵਿਚ ਦਰਦ ਪਿਆਰ ਨਹੀਂ
ਤੂੰ ਓਸ ਅੱਗੇ ਫ਼ਰਿਆਦ ਨਾ ਕਰ

੮—੪—੩੮

## ਗਿਲ੍ਹਾ

ਕਾਹਦਾ ਕਿਸੇ 'ਤੇ ਗਿਲ੍ਹਾ ? ਤੇ ਹਿਰਖ ਕਾਹਦਾ
ਰਾਜ਼ੀ ਆਪਣੀ ਜਦੋਂ ਸਰਕਾਰ ਹੀ ਨਹੀਂ
ਕਾਹਦਾ ਮਾਣ ਸਾਡਾ ? ਕੀ ਲਿਹਾਜ਼ ਉਹਨੂੰ ?
ਕਿਸੇ ਗਿਣਤੀ 'ਚ ਜਦੋਂ ਪਿਆਰ ਹੀ ਨਹੀਂ
ਉਹਨੂੰ ਕੌਣ ਆਖੇ ? ਕੀਹਦੀ ਉਹ ਮੰਨੇ ?
ਜਦੋਂ ਕਿਸੇ ਦਾ ਕੋਈ ਇਤਬਾਰ ਹੀ ਨਹੀਂ
ਉਸ ਦਰੋਂ ਕੋਈ ਕਾਹਦੀ ਆਸ ਰੱਖੇ
ਜਿੱਥੇ ਪਹੁੰਚਦੀ ਕੂਕ ਪੁਕਾਰ ਹੀ ਨਹੀਂ

ਰੱਬਾ ! ਹੁਸਨ ਵਿਚ ਕਿੰਨਾ ਹੰਕਾਰ ਹੁੰਦੈ ?
ਦੇਂਦਾ ਕਿਸੇ ਨੂੰ ਅੱਗੋਂ ਆਵਾਜ਼ ਹੀ ਨਹੀਂ
ਦੁਨੀਆਂ ਮੂੰਹ ਮੁਲਾਹਜ਼ਾ ਤਾਂ ਰਖਦੀ ਏ
ਉਹਨੂੰ ਕਿਸੇ ਦਾ ਅੱਖ ਲਿਹਾਜ਼ ਹੀ ਨਹੀਂ

ਸਾਡਾ 'ਜੀ-ਜੀ' ਕਰਦਿਆਂ ਮੂੰਹ ਸੁੱਕਣਾ
ਚੁੱਪ ਵੱਟ ਕੇ ਉਸ ਨੇ ਵਹਿ ਜਾਣਾ
ਲਾ ਪਰਵਾਹੀ ਦਾ ਅਸਾਂ ਜਾਂ ਗਿਲ੍ਹਾ ਕਰਨਾ
ਉਹਨੇ ਤਿੜਕ ਕੇ; 'ਹੱਲਾ ਜੀ !' ਕਹਿ ਜਾਣਾ
ਉਹਨੇ 'ਬੱਸ, ਜੀ ! ਬੱਸ !' ਕਹਿ ਖਿਸਕ ਜਾਣਾ
ਅਸਾਂ ਲਹੂ ਦੇ ਘੁੱਟ ਪੀ ਰਹਿ ਜਾਣਾ

ਉਹਨੇ ਛਾਤੀਆਂ ਮਾਰਦੇ ਲੰਘ ਜਾਣਾ
ਅਸਾਂ ਕੰਧ ਦੇ ਆਸਰੇ ਬਹਿ ਜਾਣਾ

ਕਦੇ ਝੂਰਨਾ ਆਪਣੀ ਅਕਲ ਉੱਤੇ
ਕਦੇ ਗਿਲ੍ਹਾ ਕਰਨਾ ਉਹਦੇ ਕਾਰਿਆਂ 'ਤੇ
ਡਾਢਾ—ਕੱਸਮੇਂ, ਵੇਖੇਂ ਨਾਂ !—ਹਿਰਖ ਆਉਣਾ
ਉਹਦੇ ਲੱਲਿਆਂ-ਪੋਪਿਆਂ-ਲਾਰਿਆਂ 'ਤੇ

ਸਾਡਾ ਉਸ ਬਿਗਾਨੇ 'ਤੇ ਗਿਲ੍ਹਾ ਕਾਹਦਾ
ਜਦੋਂ ਆਪਣਾ ਆਪਣਾ ਰਿਹਾ ਨਹੀਂ ਦਿਲ
ਨਾ ਉਹ ਮੰਨਿਆਂ, ਨਾ ਉਹਨੇ ਮੰਨਣਾ ਸੀ
ਹੱਥੀਂ ਪਾਲਿਆ ਮੰਨਦਾ ਕਿਹਾ ਨਹੀਂ ਦਿਲ
ਉਹ ਵੀ ਹੁਸਨ-ਵਟਾਂਦਰੇ ਵਿਚ ਲੈ ਕੇ
ਮੁਕਰ ਗਿਆ, ਕਹਿੰਦੈ, 'ਮੈਂ ਕੋਈ ਲਿਆ ਨਹੀਂ ਦਿਲ'
ਅਸਾਂ ਕਿਹਾ ਸੀ, ਸੌਦਾ ਏ, ਗੱਲ ਕੋਈ ਨਹੀਂ
ਕਿਤੇ ਜੂਏ 'ਤੇ ਜਿੱਤਿਆ ਗਿਆ ਨਹੀਂ ਦਿਲ

"ਜਾਂ ਦੀਦਾਰ ਦੇ ਦੇ, ਤੇ ਜਾਂ ਮੋੜ ਦਿਹ ਦਿਲ
ਇਹ ਤਾਂ ਬੀਬਿਆ ! ਗੱਲ ਨਿਆਂ ਦੀ ਏ
ਪਰ੍ਹੇ ਵਿਚ ਖਲ੍ਹਾਰ ਕੇ ਖਰਾ ਕਰਲਾਂ
(ਪਰ) ਜੀਵਣ-ਜੋਗਿਆ ! ਸਾਂਝ ਕੁਥਾਂ ਦੀ ਏ
ਏਸ ਗੱਲ ਵਿਚ ਦੱਸੋ ਨਾਂ। ਕੀ ਗੱਲ ਏ ?
ਅਸਾਂ ਕਿਹਾ ਸੀ, 'ਝੱਟ ਕੁ ਬਹਿ ਜਾਣਾ
ਆਉਣ-ਜਾਣ ਸ਼ਰੀਕਾਂ ਦੇ ਘਰੀਂ ਤੇਰਾ
ਕੋਈ ਨਹੀਂ, ਸਾਡੇ ਵੀ ਰਾਤ ਇਕ ਰਹਿ ਜਾਣਾ'

ਸਾਡੇ ਹਾਲ 'ਤੇ ਕਿਸੇ ਨਾ ਤਰਸ ਕਰਨਾ
'ਉਹ ਕਿਉਂ ?' ਵਿਗੜ ਕੇ ਓਸ ਨੇ ਕਹਿ ਜਾਣਾ
ਡਾਢਾ ਗੱਚ ਦੇ ਨਾਲ ਦਿਲ ਭਰ ਆਉਣਾ
ਸਬਰ ਸ਼ੁਕਰ ਕਰਕੇ ਸਭੋ ਸਹਿ ਜਾਣਾ

ਧੂਆਂ ਬਣ ਉੱਡਿਆ ਉਚਾ ਹਿਰਖ ਵਿਚ ਦਿਲ
ਉੱਚੀ ਓਸ ਤੋਂ ਮੇਰੀ ਫ਼ਰਿਆਦ ਪਹੁੰਚੀ
ਅਤੇ ਓਸ ਤੋਂ ਉੱਚਾ ਉਹ ਆਪ ਪਹੁੰਚਾ
ਉੱਚੀ ਓਸ ਤੋਂ ਓਸ ਦੀ ਯਾਦ ਪਹੁੰਚੀ

ਜਦੋਂ ਸ਼ਰਬਤੀ ਅੱਖੀਆਂ ਵਾਲਿਆਂ ਦਾ
ਸਮਝ ਓਪਰੇ ਸੰਗਣਾ ਯਾਦ ਆਇਆ
ਸਾਡੇ ਹੱਥਾਂ ਦੇ ਦਿਤੇ ਰੁਮਾਲ ਅੰਦਰ
ਮੂੰਹ ਕੱਜ ਕੇ ਲੰਘਣਾ ਯਾਦ ਆਇਆ
ਥਾਂ ਪਾਨ ਦੀ ਕਿਸੇ ਦੇ ਲਹੂ ਅੰਦਰ
ਉਹਦਾ ਬੁੱਲ੍ਹੀਆਂ ਰੰਗਣਾ ਯਾਦ ਆਇਆ
ਹੁਸਨ-ਵਾਲਿਆਂ ਦਾ ਹੁਸਨ-ਕੁੱਠਿਆਂ ਤੋਂ
ਮਾਸ ਪੱਟ ਦਾ ਮੰਗਣਾ ਯਾਦ ਆਇਆ

'ਸੀਤਲ' ਕਲਮ ਵੀ ਗਿਲ੍ਹੇ ਦੇ ਨਾਲ ਰੋ ਪਈ
ਮੂੰਹੋਂ ਰੱਤ ਸਿਆਹੀ ਦੀ ਥਾਂ ਵਹਿ ਪਈ
ਸੋਹਣੀ ਵਾਂਗਰਾਂ ਪੁਤਲੀਆਂ ਡੁੱਬ ਮੋਈਆਂ
ਮੇਰੇ ਨੇਤਰਾਂ ਵਿਚੋਂ ਝਨਾਂ ਵਹਿ ਪਈ

੮—੭—੩੩

# ਗੁਨਾਹ ਕਿਉਂ ਕੀਤੇ

ਏਸੇ ਵਾਸਤੇ ਕੀਤੇ ਗੁਨਾਹ ਵੀ ਕੁਛ
(ਕਿ)
ਹਾਜ਼ਰ ਹੋਵਾਂਗਾ ਤੇਰੇ ਦਰਬਾਰ ਇਕ ਦਿਨ
ਜੇਕਰ ਪ੍ਰੇਮ ਦੀ ਛਾਹੀ ਨਸੀਬ ਨਹੀਂ ਤਾਂ
ਕੜੀਆਂ ਕੈਦ ਦੀਆਂ ਹੋਸਣ ਸ਼ਿੰਗਾਰ ਇਕ ਦਿਨ
ਮੇਰੇ ਜੁਰਮ ਦੀ ਸਜ਼ਾ ਸੁਨਾਉਣ ਬਦਲੇ
ਮੈਨੂੰ ਰੂ-ਬ-ਰੂ ਸੱਦੂ ਸਰਕਾਰ ਇਕ ਦਿਨ
ਜੇਕਰ ਉਸ ਤਰ੍ਹਾਂ ਨਹੀਂ, ਤਾਂ ਇਸ ਤਰ੍ਹਾਂ ਹੀ
ਆਖ਼ਰ ਹੋਊ ਤਾਂ ਤੇਰਾ ਦੀਦਾਰ ਇਕ ਦਿਨ।

# ਲਗਨ

ਲੱਗੀ ਲਗਨ ਟਿਕਣ ਨਾ ਦੇਂਦੀ
ਚੈਨ ਕਿਤੇ ਵੀ ਆਵੇ ਨਾ
ਦਿਲ ਕਮਲਾ ਮਤਵਾਲਾ ਹੋਇਆ
ਉਸਦੀ ਯਾਦ ਭੁਲਾਵੇ ਨਾ

ਕੀ ਖੱਟੀਆਂ ਖੱਟੀਆਂ ਮੈਂ ਲਾ ਕੇ
ਅੱਖੀਆਂ ਨਾਲ ਬੇਦਰਦਾਂ ਦੇ
ਛਮ-ਛਮ ਰੋਵਾਂ ਨੀਰ ਪਲੱਟਾਂ
ਸੋਹਣਾ ਚੁਪ ਕਰਾਵੇ ਨਾ

ਖੁੱਲ੍ਹੀਆਂ ਰਹਿਣ ਸਦਾ ਪਲਕਾਂ
ਦਿਲ ਮੰਦਰ ਦੇ ਦਰਵਾਜ਼ੇ ਦੇ
ਖੁੱਲ੍ਹਿਆਂ ਬੂਹਿਆਂ 'ਤੇ ਵੀ ਝਕਦਾ
ਡਾਢਾ ਝਾਤੀ ਪਾਵੇ ਨਾ

ਅੱਠੇ ਪਹਿਰ ਰੱਖਾਂ ਦਰ ਖੁੱਲ੍ਹੇ
ਉਸਦੇ ਆਵਣ ਜਾਵਣ ਨੂੰ
ਕਿਹੜਾ ਫੇਰ ਬਹਾਨਾ ਕਰਸੀ ?
ਜੇ ਉਹ ਹੁਣ ਵੀ ਆਵੇ ਨਾ

ਦਿਲ ਵਿਚ ਯਾਦ ਸਦਾ ਰੜਕੇ
ਮੁੜ ਮੁੜਕੇ ਯਾਦ ਕਰਾਂਦੀ ਏ
ਉਸ ਤੋਂ ਯਾਦ ਭਲੀ ਉਸਦੀ
ਜੋ ਮੈਨੂੰ ਯਾਦ ਭੁਲਾਵੇ ਨਾ

ਮੈਂ ਕੀ ਨਾ ਕੀਤਾ ਉਸ ਬਦਲੇ ?
ਉਸ ਕੀ ਕੀਤਾ ਮੈਂ ਬਦਲੇ ?
ਯਾ ਰੱਬ ! ਲਾ ਪਰਵਾਹੀ ਐਨੀ
ਦਿਲ 'ਤੇ ਕਦੇ ਲਿਆਵੇ ਨਾ

ਕਿਹੜੀ ਗੱਲ ਸਹੀ ਨਾ ਉਸਦੀ
ਉਸਨੇ ਕਿਹੜੀ ਆਖੀ ਨਾ ?
ਉਲਟਾ ਫੇਰ ਮਰੋੜਾ ਸਿਰ 'ਤੇ
ਕਹਿੰਦੈ: 'ਕੋਈ ਬੁਲਾਵੇ ਨਾ'

ਨਾ ਉਹ ਵਾਧੇ ਕਰਨੋ ਹਟਿਆ
ਨਾ ਮੈਂ ਉਸ ਨੂੰ ਮੋੜ ਦਿਤਾ
ਨਾ ਉਸਦੇ ਮਨ ਮਿਹਰ ਪਈ
ਨਾ ਮੈਂ ਕਿਹਾ: 'ਹੋਰ ਸਤਾਵੇ ਨਾ'

ਕੀਤੇ ਵਾਰ ਉਹਨੇ ਮਨ ਭਾਉਂਦੇ
ਸ਼ੁਕਰ ਸ਼ੁਕਰ ਕਰ ਸਹਿ ਲੈ ਮੈਂ
ਸਭ ਕੁਛ ਹੋਇਆ ਇਸ ਬਦਲੇ
'ਕੋਈ ਪ੍ਰੀਤ ਦੀ ਰੀਤ ਭੁਲਾਵੇ ਨਾ'

'ਸੀਤਲ' ਕੀ ਜ਼ਿੰਦਗੀ ਦਿਲ ਬਾਝੋਂ ?
ਕੀ ਦਿਲ ਪ੍ਰੀਤ-ਪਿਆਰ ਬਿਨਾਂ ?
ਤੇ ਕੀ ਪ੍ਰੀਤ ? ਜਿਧੇ ਵਿਚ ਫਸਕੇ
ਆਸ਼ਕ ਦੁੱਖ ਉਠਾਵੇ ਨਾ

੩੦—੪—੩੨

## ਪ੍ਰੇਮ-ਭੇਟ

ਓ ਮਜਨੂੰ !
ਲੈਲੀ ਤੇਰੀ ਦੇ ਦਿਲ ਖ਼ੁਸ਼ੀਆਂ
ਉਹ ਮਹਿੰਦੀ ਲਾਣੀ ਚਾਹਵੇ
ਕਹਿੰਦੇ: ਆਸ਼ਕ ਦੀ ਰੱਤ ਬਾਝੋਂ
ਨਾ ਰੰਗ ਹੱਥਾਂ 'ਤੇ ਆਵੇ
ਪਰ ਇਹ ਚਾਅ ਲੈਲੀ ਦਾ 'ਸੀਤਲ'
ਕਿਉਂ ਕਰ ਪੂਰਾ ਹੋਵੇ
ਛੁਰੀਆਂ ਮਾਰ ਡਿੱਠਾ ਤਨ ਸਾਰਾ
ਵਿੱਚ ਰੱਤ ਨਾ ਨਜ਼ਰੀਂ ਆਵੇ

ਉੱਤਰ ਮਜਨੂੰ :–
ਪ੍ਰੀਤ ਲਈ ਸੀ ਲੈਲੀ ਕੋਲੋਂ
ਮੈਂ ਦਿਲ ਗਹਿਣੇ ਪਾ ਕੇ
ਰੱਖ ਲਏ ਸੀ ਦਰਸ਼ਨ ਖ਼ਾਤਰ
ਇਹ ਦੋ ਨੈਣ ਲੁਕਾ ਕੇ
ਜਾਹ ! ਕੱਢ ਲੈ, ਤੇ ਇਹ ਵੀ ਲੈ ਜਾ
ਜੇ ਲੈਲੀ ਖ਼ੁਸ਼ ਹੋਵੇ
ਰਾਜ਼ੀ ਅਸਾਂ ਸੱਜਣ ਨੂੰ ਰੱਖਣਾ
ਆਪਣਾ ਆਪ ਮਿਟਾ ਕੇ

੨੬—੮—੩੯

## ਕਦੇ ਹੱਸ ਬੋਲ

ਸੱਧਰਾਂ ਤੇ ਚਾਂਵਾਂ ਨਾਲ ਨਿੱਤ ਸੁੱਖਾਂ ਸੁੱਖਦੇ ਆਂ
ਏਹਾ ਸਾਡੇ ਦਿਲ ਦੀ ਉਮੰਗ: ਕਦੇ ਹੱਸ ਬੋਲ
ਤੇਰੇ ਬੂਹੇ ਬਹਿਕੇ ਅਸਾਂ ਗਾਲੀਆਂ ਜੁਆਨੀਆਂ ਨੇ
ਸਾਥੋਂ ਜਿਉਣ ਜੋਗਿਆ ! ਨਾ ਸੰਗ, ਕਦੇ ਹੱਸ ਬੋਲ
ਤੇਰੇ ਪਿੱਛੇ ਜੀਵੇਂ ! ਅਸਾਂ ਛੱਡਿਆ ਜਹਾਨ ਸਾਰਾ
ਮਾਈ, ਬਾਪ, ਵੀਰ, ਸਾਕ-ਸੰਗ, ਕਦੇ ਹੱਸ ਬੋਲ
ਤੇਰੇ ਤਾਂ ਪਿਆਰ—ਸਚੀਂ !–ਰਹਿਣ ਨਾ ਹਯਾਉ ਦਿਤਾ
ਹੋਏ ਹਾਂ ਨਿਲੱਜ ਲੱਥਾ ਲੰਗ, ਕਦੇ ਹੱਸ ਬੋਲ
ਲਾਂਭਾਂ ਤੋਂ ਉਲਾਂਭਿਆਂ ਦੇ ਲਾਂਭੇ ਲਾਵੇ ਜੱਗ ਨਿੱਤ
ਉਹਨਾਂ ਹੱਥੋਂ ਆਏ ਪਏ ਆਂ ਤੰਗ ਕਦੇ ਹੱਸ ਬੋਲ
ਸਭੇ ਅਸੀਂ ਝੱਲ ਲੈਂਦੇ, ਝੱਲਿਆ ਨਾ ਜਾਵੇ ਪਰ
ਬਿਰਹੋਂ ਦੇ ਨਾਗ ਵਾਲਾ ਡੰਗ, ਕਦੇ ਹੱਸ ਬੋਲ
ਚੰਨ ਵੇ ! ਵਿਛੋੜਿਆਂ ਦੇ ਦੁੱਖ ਬਾਹਰੇ ਹੁੰਦੇ
ਬੁਕਲਾਂ 'ਚ ਪਾਲਣੇ ਭੁਜੰਗ, ਕਦੇ ਹੱਸ ਬੋਲ
ਰੋੜਾਂ ਦੀ ਵਿਛਾਈ ਜਿਹਾ, ਸੇਜ ਸੁਆਦ ਨਹੀਂ
ਧੁਖ ਧੁਖ ਉਠਦੇ ਨੇ ਅੰਗ, ਕਦੇ ਹੱਸ ਬੋਲ
ਸੋਚਾਂ ਵਿਚ ਡੁੱਬਿਆਂ ਨੂੰ ਰਾਤੀਂ ਆਵੇ ਨੀਂਦ ਨਾਹੀਂ
ਉਹ ਵੀ ਤੇਰੇ ਵਾਂਗ ਜਾਵੇ ਸੰਗ, ਕਦੇ ਹੱਸ ਬੋਲ
ਦਿਲ ਦੇ ਮੈਦਾਨ ਵਿਚ ਆਸ ਤੇ ਨਿਰਾਸਤਾ ਦਾ
ਲੱਗਾ ਰਹਿੰਦਾ ਦਿਨੇ ਰਾਤ ਜੰਗ, ਕਦੇ ਹੱਸ ਬੋਲ

ਅੱਖੀਆਂ ਦੇ ਯੁੱਧ ਵਿਚ ਦਿਲਾਂ ਵਾਲੇ ਘਾਣ ਲੱਥੇ
ਬਿਨਾਂ ਤੇਗ਼, ਤੀਰ ਤੇ ਤੁਫ਼ੰਗ, ਕਦੇ ਹੱਸ ਬੋਲ
ਯਾਹੀਆਂ ਦੇ ਪਰਦਿਆਂ ਦੇ ਪਿੱਛੇ ਹੁੰਦੇ ਜੰਗ ਵੇਖੇ
ਉੱਡ ਗਏ ਪਿਆਰ ਵਾਲੇ ਰੰਗ, ਕਦੇ ਹੱਸ ਬੋਲ
ਸਾਲਾਂ ਦੀ ਪਰੀਤੀ ਇਉਂ ਪਲਾਂ ਵਿਚ ਟੁੱਟ ਜਾਂਦੀ
ਟੁੱਟੇ ਜਿਵੇਂ ਵੀਣੀ ਵਿਚੋਂ ਵੰਗ, ਕਦੇ ਹੱਸ ਬੋਲ
ਉਸ 'ਤੇ ਕੀ ਹੱਥ ਚਾਣਾ ? ਕਰ ਲਿਆ ਗ਼ੁਲਾਮ ਜੀਹਨੂੰ
ਪਿਆਲ ਕੇ ਪਿਆਰ ਵਾਲੀ ਭੰਗ, ਕਦੇ ਹੱਸ ਬੋਲ
ਦਿਲ ਵਾਲੀ ਪੂੰਜੀ ਅਸਾਂ ਪਹਿਲੇ ਹੱਥ ਰੋੜ੍ਹ ਛੱਡੀ
ਦੌਲਤਾਂ ਲੁਟਾ ਕੇ ਹੋ ਗਏ ਨੰਗ, ਕਦੇ ਹੱਸ ਬੋਲ
ਹੀਰ ਹੇਤ ਬੂਹਾ ਅਸਾਂ ਚੂਚਕ ਦਾ ਮੱਲਿਆ ਏ
ਰਾਂਝੇ ਵਾਂਗ ਹੋਇ ਕੇ ਮਲੰਗ, ਕਦੇ ਹੱਸ ਬੋਲ
ਮੁੱਦਤਾਂ ਬਤੀਤ ਹੋਈਆਂ ਪੂਰੀ ਅਜੇ ਹੋਈ ਨਾਹੀਂ
ਸਾਡੀ ਉਹ ਦੀਦਾਰ ਵਾਲੀ ਮੰਗ, ਕਦੇ ਹੱਸ ਬੋਲ
ਸ਼ਰਮ ਤੇ ਪਰੇਮ ਦਾ ਜ਼ਮਾਨੇ ਵਿਚ ਮੇਲ ਨਾਹੀਂ
ਪਿਆਰ ਵਿਚ ਰਹਿੰਦੀ ਨਾਹੀਂ ਸੰਗ, ਕਦੇ ਹੱਸ ਬੋਲ
ਉਡ ਰਹੇ ਆਂ, ਲਾਲ ! ਤੇਰੇ ਪ੍ਰੇਮ ਦੇ ਸਹਾਰੇ ਨਾਲ
ਡੋਰ ਉਤੇ ਵਾਂਗਰਾਂ ਪਤੰਗ, ਕਦੇ ਹੱਸ ਬੋਲ
'ਸੀਤਲ' ਜੀ, ਏਸੇ 'ਚ ਸੁਆਦ ਹੈ ਜੇ ਜ਼ਿੰਦਗੀ ਦਾ
ਲਗਾ ਰਹੇ ਪਿਆਰ ਵਾਲਾ ਜੰਗ, ਕਦੇ ਹੱਸ ਬੋਲ

੪–੪–੩੦

## ਲੇਲੀ ਬਣ ਕੇ

"ਓ ਮਜਨੂੰ ! ਓ ਇਸ਼ਕ ਦੀਵਾਨੇ
ਤੈਨੂੰ ਰੱਬ ਬੁਲਾਵੇ
ਖੁਹਲ ਬਹਿਸ਼ਤਾਂ ਦੇ ਦਰਵਾਜ਼ੇ
ਤੇਰਾ ਰਾਹ ਤਕਾਵੇ"
ਮੋੜ ਜਵਾਬ ਦਿੱਤਾ ਮੀਏਂ ਮਜਨੂੰ
"ਮੈਨੂੰ ਲੋੜ ਨਾ ਕਾਈ
ਜੇ ਉਸਨੂੰ ਮਿਲਨੇ ਦੀ ਖ਼ਾਹਸ਼
ਲੇਲੀ ਬਣ ਕੇ ਆਵੇ"

੧੨-੪-੩੯

## ਤੋੜ ਨਾ ਜਾਵੀਂ

ਮੇਰੀ ਸ਼ਗਨਾਂ ਦੀ ਮਹਿੰਦੀ
ਨਾ ਖ਼ੂੰਨ ਬਣਾਵੀਂ
ਮੇਰੀ ਭਰੀ ਜੁਆਨੀ
ਨਾ ਖ਼ਾਕ ਮਿਲਾਵੀਂ
ਮੇਰੇ ਕੋਮਲ ਦਿਲ ਵਿਚ
ਹਾਏ, ਤੀਰ ਨਾ ਮਾਰੀਂ
ਸੌ ਜੁੜੀ 'ਚ ਲੱਗੀਆਂ
ਕਿਤੇ ਤੋੜ ਨਾ ਜਾਵੀਂ

੧੫—੧੦—੩੯

# ਪ੍ਰੀਤ

ਸੁਖ ਮਾਣਨ ਦੇ ਵਾਸਤੇ ਲੋਕੀਂ ਪ੍ਰੀਤਾਂ ਪਾਣ
ਜਾਪੇ ਹੰਢਿਆਂ ਵਰਤਿਆਂ, ਪ੍ਰੀਤ ਦੁੱਖਾਂ ਦੀ ਖਾਣ

ਵੱਸੇ ਕੋਲ ਭਾਵੇਂ, ਭਾਵੇਂ ਦੂਰ ਵੱਸੇ
ਪ੍ਰੀਤ ਯਾਰ ਵੱਲੋਂ ਮੁੱਖ ਮੋੜਦੀ ਨਹੀਂ
ਮਰਨ ਬਾਹਦ ਤਾਂ ਕਿਸੇ ਨੂੰ ਪਤਾ ਨਹੀਂ ਨਾ
ਜਿਉਂਦੀ ਜਾਨ ਪਰ ਲੱਗੀਆਂ ਤੋੜਦੀ ਨਹੀਂ
ਵਾਸਾ ਪ੍ਰੀਤ ਦਾ ਗ਼ਮਾਂ ਦੀ ਚਿਖਾ ਉੱਤੇ
ਲੋੜੇ ਮਰਨ, ਪਰ ਟੁੱਟੀਆਂ ਲੋੜਦੀ ਨਹੀਂ
ਜਿੱਥੇ ਪ੍ਰੀਤ ਦੇ ਤੀਰਾਂ ਨੇ ਚੀਰ ਪਾਏ
ਮਲ੍ਹਮ ਸਮੇਂ ਦੀ ਫੱਟਾਂ ਨੂੰ ਜੋੜਦੀ ਨਹੀਂ
ਜਦੋਂ ਯਾਦ ਦੀ ਕੱਫ਼ਨੀ ਪਾਇਕੇ ਤੇ
ਬੂਹਾ ਪ੍ਰੀਤ ਪਿਆਰੇ ਦਾ ਮੱਲਦੀ ਏ
ਲੱਜ, ਖ਼ੁਦੀ, ਦਵੈਤ ਨੂੰ ਭਾਂਜ ਪੈਂਦੀ
'ਸੀਤਲ' ਪੇਸ਼ ਨਾ ਕਿਸੇ ਦੀ ਚੱਲਦੀ ਏ

੧੦—੩—੩੯

# ਨਾ ਜਾ ਰਾਂਝਾ

ਰਾਂਝਾ :

ਲੈ ਤੁਰ ਚੱਲਿਆ ਰਾਂਝਾ ਚੂਚਕ ਦੀਏ ਜਾਈਏ ਨੀ !
ਤੇਰੇ ਇਸ਼ਕ ਦੀ ਬਾਜ਼ੀ ਜਿੱਤੀ ਹੋਈ ਹਾਰ ਕੇ
ਚਾਕ ਸਦਾਇਆ ਤੇਰਾ ਮਲਕੀ ਦੀਏ ਲਾਡਲੀਏ !
ਤਖ਼ਤ-ਹਜ਼ਾਰਾ ਤੇਰੇ ਕਦਮਾਂ 'ਤੋਂ ਵਾਰ ਕੇ
ਲਾਜ ਲੁਆਈ ਆਪਣੇ ਪਿਉ ਦੀ ਸਰਦਾਰੀ ਨੂੰ
ਤੇਰੀ ਖ਼ਾਤਰ ਨੱਢੀਏ ! ਮੱਝੀਆਂ ਮੈਂ ਚਾਰ ਕੇ
ਤੇਰੇ ਬਦਲੇ ਸਭ ਕੁਝ ਹੋਇਆ, ਪਰੀਏ ਸੁਰਗ ਦੀਏ !
ਗੱਲੇ ਰਾਠਾਂ ਨੇ ਅਖਵਾਇਆ ਸ਼ਰਮ ਉਤਾਰ ਕੇ
ਤੇ ਅਜ ਤੈਥੋਂ—ਵੇਖੂਾਂ !—ਸਰੀਆਂ, ਕੱਚੀਏ ਬਚਨ ਦੀਏ !
ਬਣੀਓਂ ਸੈਦੇ ਦੀ ਨੀ, ਰਾਂਝਾ ਮਨੋਂ ਵਿਸਾਰ ਕੇ
'ਇਸ਼ਕ ਗ਼ਰੀਬਾਂ ਦਾ ਕਿਸ ਲੇਖੇ ?' ਮੈਂ ਤਾਂ ਪਰਖ ਲਿਆ
ਖੇੜੇ ਮੁੱਲ ਮੁਹੱਬਤ ਲੈ ਗਏ ਰਕਮਾਂ ਤਾਰ ਕੇ
ਖੱਟੀਆਂ ਇਸ਼ਕ ਤੇਰੇ 'ਚੋਂ ਖੱਟੀਆਂ ਮਿਹਣੇ ਲੋਕਾਂ ਦੇ
ਤੇਰੇ ਲਾਰੇ ਉੱਤੇ ਸੁੰਞੀ ਉਮਰ ਗੁਜ਼ਾਰ ਕੇ
'ਸੀਤਲ' ਹੱਦ ਇਸ਼ਕ ਦੀ ਅੰਤ ਵਿਛੋੜਾ ਪਿਆਰੇ ਦਾ
ਕੋਈ ਨਾ ਜਿੱਤਿਆ, ਜਿਹੜਾ ਗਿਆ, ਜਹਾਨੋਂ ਹਾਰ ਕੇ

ਹੀਰ :

ਸ਼ਾਲ੍ਹਾ ਮੌਤ ਚੰਗੇਰੀ ਤੇਰੀ ਜੁਦਾਈ ਤੋਂ
ਵੇ ਕਿਉਂ ਚੱਲਿਐਂ ਰਾਂਝਾ ! ਨਾਲ ਤੱਤੀ ਦੇ ਲੜ ਕੇ
ਕਾਹਨੂੰ ਤਾਹਨੇ ਦੇ ਦੇ ਮੋਇਆਂ ਨੂੰ ਮਾਰਨੈ
ਕਿਹੜੀ ਵੀਰਾਂ-ਪਿੱਟੀ ਰਾਜ਼ੀ ਡੋਲੀ ਚੜ੍ਹ ਕੇ ?
ਸੈਦਾ ਵੀਰ ਅਸਾਡਾ ਲੱਗੇ—ਕਸਮ ਰਸੂਲ ਦੀ—
ਵੇ ਸਹੁੰ ਖਾਵਾਂ ਕਲਮਾਂ ਇਸ਼ਕ ਤੇਰੇ ਦਾ ਪੜ੍ਹ ਕੇ
ਜਿਹੜੀ ਮੁੱਖ ਸੱਜਣ ਤੋਂ ਮੋੜੇ—ਲਾ ਕੇ—ਰਾਂਝਣਾ !
ਸ਼ਾਲਾ ! ਮਰੇ—ਦੋਹਾਈ—ਦੋਜ਼ਖ਼ ਵਿਚ ਸੜ ਕੇ
ਤੇਰਾ ਰੋਸਾ ਸਾਥੋਂ ਝੱਲਿਆ ਮੂਲ ਨਾ ਜਾਂਦਾ ਏ
ਮੰਨ ਪਉ ਰਾਂਝਾ ! ਹੀਰ ਮਨਾਉਂਦੀ ਪੱਲਾ ਫੜ ਕੇ
ਤੇਰੇ ਬਾਝ ਨਾ ਰਾਂਝਾ ! ਹੀਰ ਸਿਆਲ ਜੀਵੇਗੀ
ਵੇਖੀਂ ਮਰੂ ਕਟਾਰੀ ਸੀਨੇ ਦੇ ਵਿਚ ਜੜ ਕੇ
ਕਾਹਨੂੰ ਸੁਣ ਲੋਕਾਂ ਦੀਆਂ ਘੁੱਟ ਘੁੱਟ ਪੱਲੇ ਬੰਨ੍ਹਦਾ ਏਂ
ਕੋਈ ਗੁਨਾਹ ਅਸਾਡੇ ਮੱਥੇ ਜਾਵੀਂ ਮੜ੍ਹ ਕੇ
ਰਾਂਝਾ ! ਤੂੰ ਤੇ ਮੈਂ ਨਾ ਹੋਰ ਕਿਸੇ ਹੋ ਜਾਣਾ ਏਂ
ਫਿਰ ਕਿਉਂ ਜਾਨੈਂ ਐਵੇਂ ਨਾਲ ਗ਼ਰੀਬਾਂ ਲੜ ਕੇ

੧੩-੬-੩੮

## ਤੋੜ ਨਿਭੈ

ਸੋਹਣੀ ਲੰਮੀ ਲਗਰ ਸਰੂ ਦੀ
ਕੰਢੇ ਖਲੀ ਝਨਾਂ ਦੇ।
ਰਾਤ ਹਨੇਰੀ
ਜਾਨ ਇਕੱਲੀ
ਦੂਰੋਂ ਰੁੱਖ ਡਰਾਂਦੇ:
ਕੱਚਾ ਘੜਾ
ਤੇ ਕੱਪਰ ਪੈਂਦੇ
ਮੌਤੋਂ ਯਾਰ ਪਰੇਡੇ
ਮਰਨ ਕਬੂਲ
ਤੇ ਮੁੜਨ ਨਾ ਭਾਵੇ
(ਲਾ)
ਆਸ਼ਕ ਤੋੜ ਨਿਭਾਂਦੇ

ਗਿਆਨੀ ਸਰੂਪ ਸਿੰਘ ਕਤਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਤਿਆਣਾ ਤਹਿ: ਫਿਲੌਰ (ਜਲੰਧਰ)

੫-੬-੩੨